Postal No.-- G/CHD/0111/2018-2020
Regd No. 32212/78

# ਲੁਬਾਣਾ ਸੇਵਕ

ਜੂਨ 2019 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# "ਮੀਰੀ ਪੀਰੀ" ਚਿੰਤਨਸ਼ੀਲ ਪੱਖ



ਮੀਰੀ ਅਤੇ ਪੀਰੀ ਦੇ ਪ੍ਰਤੀਕ ਸਿੱਖ ਪਰੰਪਰਾ ਅਤੇ ਸਿੱਖ ਮਾਨਸਿਕਤਾ ਵਿਚ ਡੂੰਘੀ ਤਰ੍ਹਾਂ ਰਚੇ ਹੋਏ ਹਨ। ਇਨ੍ਹਾਂ ਪ੍ਰਤੀਕਾਂ ਦੀ ਇਤਿਹਾਸਿਕ ਮਹੱਤਤਾ ਵੀ ਹੈ ਅਤੇ ਸਿਧਾਂਤਕ ਮਹਾਨਤਾ ਵੀ। ਮੀਰੀ ਅਤੇ ਪੀਰੀ ਦੇ ਪ੍ਰਗਟ ਹੋਣ ਦਾ ਸਬੰਧ ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਜੁੜਦਾ ਹੈ, ਜੋ ਕਿ ਸਿੱਖ ਧਰਮ ਦੀ ਪਹਿਲੀ ਸ਼ਹਾਦਤ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਚਲਾਏ ਨਿਰਮਲ ਪੰਥ ਨੂੰ ਇੱਕ ਸੌ ਸਾਲ ਹੀ ਬੀਤੇ ਸਨ ਕਿ ਪੰਜਵੇਂ ਗੁਰੂ ਸਾਹਿਬ ਨੂੰ ਜੀਵਨ ਦਾ ਬਲੀਦਾਨ ਦੇਣਾ ਪਿਆ। ਇਥੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਸਿੱਖ ਲਹਿਰ ਦਾ ਉਭਾਰ ਸਮਕਾਲੀਨ ਰਾਜਸੀ ਸੱਤਾ ਵਿਸ਼ੇਸ਼ ਕਰਕੇ ਜਹਾਂਗੀਰ ਦੇ ਕੱਟੜ ਪੰਥੀ ਦਰਬਾਰੀਆਂ ਨਵਾਬਾਂ ਨੂੰ ਵੰਗਾਰ ਦੇ ਰੂਪ ਵਿਚ ਰੜਕਦਾ ਸੀ। ਸ਼ਹੀਦੀ ਦੇ ਕਾਰਨਾਮੇ ਰਾਹੀਂ ਗੁਰੂ ਸਾਹਿਬ ਨੇ ਇੱਕ ਬੇਮਿਸਾਲ ਕਾਰਜ ਕਰ ਦਿਖਾਇਆ, ਜਿਸ ਦਾ ਸਿੱਖ ਲਹਿਰ ਉੱਤੇ ਅਤਿ ਡੂੰਘਾ ਅਤੇ ਅਮਿੱਟ ਪ੍ਰਭਾਵ ਪਿਆ ਅਤੇ ਜਿਸ ਨੇ ਸਿੱਖੀ ਦਾ ਰੰਗ-ਰੂਪ ਹੀ ਬਦਲ ਦਿੱਤਾ।

ਸ਼੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਸ਼੍ਰੀ ਗੁਰੂ ਅਰਜਨ ਸਾਹਿਬ ਜੀ ਤੱਕ ਗੁਰੂ-ਘਰ ਸ਼ਹਿਣਸ਼ੀਲਤਾ, ਸ਼ਾਂਤੀ ਅਤੇ ਸਾਧੂ ਬਿਰਤੀ ਦਾ ਪ੍ਰਤੀਕ ਰਿਹਾ ਸੀ। ਪੰਜਵੇਂ ਗੁਰੂ ਜੀ ਦੀ ਸ਼ਹੀਦੀ ਉਪਰੰਤ ਪ੍ਰਤੀਕ ਬਦਲਣੇ ਆਰੰਭ ਹੋ ਗਏ। 'ਮਾਲਾ' ਦੇ ਨਾਲ-ਨਾਲ 'ਤਲਵਾਰ' ਗੁਰੂ-ਘਰ ਦੀ ਵਿਰਾਸਤ ਵਿਚ ਦਾਖ਼ਿਲ ਹੋ ਗਈ, 'ਸੰਤ' ਦੇ ਨਾਲ 'ਸਿਪਾਹੀ' ਦਾ ਚਿੰਨ੍ਹ ਸਿੱਖੀ ਦਾ ਨਿਸ਼ਾਨ ਬਣ ਗਿਆ। ਹਾਲਾਤ ਦੀ ਵੰਗਾਰ ਨੇ ਸਿੱਖ ਭਾਈਚਾਰੇ ਨੂੰ ਨਵੀਆਂ ਸੇਧਾਂ ਅਪਣਾਉਣ ਲਈ ਮਜ਼ਬੂਰ ਕਰ ਦਿੱਤਾ। ਸ਼੍ਰੀ ਗੁਰੂ ਹਰਿਗੋਬਿੰਦ ਜੀ ਦੀ ਅਗਵਾਈ ਹੇਠਾਂ ਸਿੱਖਾਂ ਨੇ ਫੌਜੀ ਬਣਤਰ ਦੀ ਜਥੇਬੰਦੀ ਧਾਰਨ ਕਰ ਲਈ।

ਸੂਰਮਗਤੀ ਸਿੱਖ ਦਾ ਨਵਾਂ ਪ੍ਰਤੀਕ ਬਣ ਕੇ ਉਭਰੀ, ਸਿੱਖ ਦੀ ਜੀਵਨ-ਸ਼ੈਲੀ ਵਿਚ ਸ਼ਸਤਰ ਦੀ ਸਿਖਲਾਈ, ਘੋੜ-ਸਵਾਰੀ ਤੇ ਜਿਸਮਾਨੀ ਕਲਚਰ ਸੁਭਾਵਕ ਹੀ ਸ਼ਾਮਿਲ ਹੋ ਗਏ। ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਬਾਣਾ, ਸ਼ਿਕਾਰ ਖੇਡਣ ਵਿਚ ਰੁਚੀ ਤੇ ਸ਼ਹਿਜ਼ਾਦਿਆਂ ਵਾਲਾ ਠਾਠ-ਬਾਠ ਪਿਤਾ ਸ਼੍ਰੀ ਗੁਰੂ ਅਰਜਨ ਦੇਵ ਜੀ ਨਾਲੋਂ ਵੱਖਰੀ ਨੁਹਾਰ ਦੇ ਸਨ। 'ਪੰਜਾਹ ਸਾਖੀਆਂ' ਖਰੜੇ ਅਨੁਸਾਰ, ਜਦੋਂ ਮਰਾਠਾ ਸਾਧੂ ਰਾਮਦਾਸ ਨੇ ਗੁਰੂ ਸਾਹਿਬ ਨੂੰ ਪੁੱਛਿਆ, "ਤੁਸੀਂ ਕਿਸ ਤਰ੍ਹਾਂ ਦੇ ਸਾਧੂ ਹੋ?" ਤਾਂ ਉੱਤਰ ਸੀ: "ਅੰਦਰੋਂ ਸਾਧੂ ਸੁਭਾ ਤੇ ਬਾਹਰੋਂ ਸ਼ਹਿਜ਼ਾਦਾ।" ਹਥਿਆਰ ਦੀਨ-ਦੁਖੀ ਦੀ ਰੱਖਿਆ ਲਈ ਤੇ ਜ਼ਾਲਮ ਦੇ ਨਾਸ਼ ਲਈ ਹਨ। ਬਾਬਾ ਨਾਨਕ ਨੇ ਸੰਸਾਰ ਨਹੀਂ ਤਿਆਗਿਆ ਸੀ, ਇਸ ਦੇ ਲੋਭ-ਲਾਲਸਾ ਤੋਂ ਉੱਪਰ ਉੱਠਣ ਦਾ ਰਾਹ ਦਰਸਾਇਆ ਸੀ। ਗਿਆਰ੍ਹਾਂ ਸਾਲ ਦੀ ਆਯੂ ਵਿਚ ਗੁਰ-ਗੱਦੀ ਦੀ ਜ਼ਿੰਮੇਦਾਰੀ-ਸੰਭਾਲਣ ਸਮੇਂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ 'ਮੀਰੀ-ਪੀਰੀ' ਦੀਆਂ ਦੋ ਤਲਵਾਰਾਂ, ਖੱਬੇ ਅਤੇ ਸੱਜੇ ਮੋਢਿਆਂ ਤੋਂ ਪਹਿਨ ਕੇ, ਸਿੱਖਾਂ ਨੂੰ ਇਹ ਨਿਸ਼ਚਾ ਕਰਵਾਇਆ ਕਿ 'ਗੁਰੂ' ਕੇਵਲ ਆਤਮਿਕ ਰਹਿਬਰ (ਪੀਰ) ਹੀ ਨਹੀਂ, ਸੰਸਾਰਕ ਜੀਵਨ ਦਾ ਆਗੂ ਤੇ ਧਰਮ ਰੱਖਿਅਕ ਵੀ ਹੈ। ਉਹ ਸੱਚਾ ਵੀ ਹੈ, ਪਾਤਸ਼ਾਹ ਵੀ। ਉਹ ਗੁਰ-ਗੱਦੀ ਦਾ ਵਾਰਸ ਵੀ ਹੈ ਅਤੇ ਨਾਲ ਹੀ ਤਖ਼ਤ ਦਾ ਅਧਿਕਾਰੀ ਵੀ ਹੈ। ਜੋ 'ਤਖ਼ਤ' ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸਿਰਜਿਆ, ਉਸ ਦਾ ਨਾਮ ਅਕਾਲ (ਸਦੀਵੀ ਹਸਤੀ) ਨਾਲ ਜੋੜ ਕੇ ਦੁਨਿਆਵੀ ਸ਼ਾਹਾਂ ਦੇ ਤਖ਼ਤਾਂ ਨਾਲੋਂ ਨਿਖੇੜ ਦਿੱਤਾ। ਇਸ 'ਅਕਾਲ ਤਖ਼ਤ' ਦੇ ਦਾਲਾਨ ਵਿਚ ਤੇਗ ਚਲਾਉਣ ਦਾ ਹੁਨਰ ਸਿਖਾਇਆ ਜਾਂਦਾ, ਦਲੇਰੀ ਅਤੇ ਸਾਹਸ ਦੀ ਭਾਵਨਾ ਭਰੀ ਜਾਂਦੀ, ਯੋਧਿਆਂ ਤੇ ਸੂਰਮਿਆਂ ਦੀਆਂ 'ਵਾਰਾਂ' ਗਾਈਆਂ ਜਾਂਦੀਆਂ। ਸਿੱਖੀ ਦੇ ਘੇਰੇ ਵਿਚ ਉਹ ਜਾਤੀਆਂ ਵੀ ਸ਼ਾਮਿਲ ਹੋ ਗਈਆਂ ਜੋ ਬਾਹੂ-ਬਲ ਨੂੰ ਪਹਿਲ ਦਿੰਦਿਆਂ ਸਨ।

ਸਿੱਖੀ ਦੀ ਇਹ ਨਵੀਂ ਸੇਧ 'ਨਵੀਂ' ਹੋਣ ਦੇ ਬਾਵਜੂਦ ਗੁਰੂ-ਘਰ ਦੀ ਭਾਵਨਾ ਦੇ ਅਨੁਕੂਲ ਸੀ। ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਵਿਚ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਾਸਤਰ ਤੇ ਸ਼ਸਤਰ ਦੋਹਾਂ ਦੀ ਵਿਦਿਆ ਦੁਆਈ ਸੀ। ਉਹਨਾਂ ਦੀ ਨੀਝ ਨੇ ਭਾਂਪ ਲਿਆ ਸੀ ਕਿ ਫੌਜੀ ਹੁਨਰ ਭਵਿੱਖ ਦੀ ਲੋੜ ਹੈ। ਦਲੇਰੀ ਦਾ ਗੁਣ ਆਤਮਿਕ ਅਤੇ ਦੁਨਿਆਵੀ ਜੀਵਨ ਵਿਚ ਇੱਕੋ ਜਿਹਾ ਲੋੜੀਂਦਾ ਹੈ ਪਹਿਲਾ **ਮਰਣੁ ਕਬੂਲਿ ਜੀਵਣ ਕੀ ਛਡਿ ਆਸ** ਦਾ ਸਬਕ ਸਿੱਖ ਦੀ ਜੀਵਨ-ਜਾਂਚ ਲਈ ਅਨਿਵਾਰੀ ਹੈ। ਪੱਤ ਤੇ ਸਵੈਮਾਣ ਨਾਲ ਜਿਉਣ ਦੀ ਚਿਤਾਵਨੀ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਮਿਲ ਰਹੀ ਸੀ-**ਜਿਨ ਜੀਵੰਦਿਆਂ ਪਤਿ ਨਹੀਂ ਮੁਇਆ ਮੰਦੀ ਸੋਇ।।**

ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਨੈਤਿਕ-ਆਤਮਿਕ ਜੀਵਨ ਦੀਆਂ ਜਿਨ੍ਹਾਂ ਕਦਰਾਂ ਕੀਮਤਾਂ ਉੱਤੇ ਜੀਵਨ ਭਰ ਪਹਿਰਾ ਦਿੱਤਾ, ਉਹਨਾਂ ਹਿੱਤ ਹੀ ਜੀਵਨ ਦਾ ਬਲੀਦਾਨ ਦੇ ਕੇ ਆਪਣੇ ਸੰਗ-ਸਾਥ ਤੇ ਭਵਿੱਖ ਦੀਆਂ ਪੀੜ੍ਹੀਆਂ ਨੂੰ ਸਮਝਾ ਗਏ ਕਿ ਜ਼ੁਲਮ-ਜ਼ਬਰ ਅਤੇ ਅਨਿਆਂ ਦਾ ਹਰ ਹੀਲੇ ਟਾਕਰਾ ਕਰਨ ਦੀ ਲੋੜ ਹੈ। ਉਹਨਾਂ ਦੀ ਸ਼ਹੀਦੀ ਸ਼ਹਿਣਸ਼ੀਲਤਾ ਦੀ ਸਿਖਰ ਸੀ, ਇਸ ਤੋਂ ਅਗੇਰੇ ਸ਼ਮਸ਼ੀਰ ਖੜੀ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ ਰਹਿ ਗਿਆ। ਵਿਰੋਧੀਆਂ ਦੀ ਵੰਗਾਰ ਸਮੁੱਚੀ ਸਿੱਖ ਬਰਾਦਰੀ ਦੀ ਹੋਂਦ ਤੇ ਹਸਤੀ ਨੂੰ ਸੀ। ਜੇ ਇਸ ਵੰਗਾਰ ਅੱਗੇ ਝੁੱਕ ਜਾਂਦੇ ਤਾਂ ਪੰਜ ਗੁਰੂਆਂ ਦੀ ਸੌ ਸਾਲਾਂ ਦੀ ਘਾਲਣਾ ਵਿਅਰਥ ਚਲੀ ਜਾਂਦੀ। ਪਰ ਜੇ ਵੰਗਾਰ ਨੂੰ ਕਬੂਲ ਕੇ ਡਟ ਗਏ, ਜਿਵੇਂ ਕਿ ਸਿੱਖ ਭਾਈਚਾਰੇ ਨੇ ਛੇਵੇਂ ਗੁਰੂ ਦੀ ਕਮਾਨ ਹੇਠਾਂ ਕੀਤਾ ਤਾਂ ਹਾਰ ਨਹੀਂ ਸਭ ਜਿੱਤ ਦੀ ਭਾਵਨਾ ਅਨੁਸਾਰ ਸਮੁੱਚੇ ਭਾਈਚਾਰੇ ਨੂੰ ਸੁਰਜੀਤ ਕਰ ਗਏ। ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਅਗਵਾਈ ਹੇਠਾਂ ਸਿੱਖਾਂ ਨੇ ਜੂਝਣ ਦਾ ਰਾਹ ਅਪਣਾਇਆ। ਸ਼੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਿੱਖ ਸਮਾਜ ਲਈ ਫੈਸਲੇ ਦੀ ਘੜੀ ਸਿੱਧ ਹੋਈ, ਇਹ ਮੀਰੀ ਅਤੇ ਪੀਰੀ ਦਾ ਸੁਮੇਲ ਹੋ ਨਿਬੜੀ।


ਜਗੀਰ ਸਿੰਘ ਲਾਲੀਆ

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ


**Chief Editor**
S. Jagir Singh Lalia
Sr. Audit Officer (Retd.)
# 1838, Phase-7, S.A.S. Nagar, M.: 98149-21838

**Addl. Chief Editor**
S. Pritam Singh Naurangpur
# 180, New Vijay Nagar, Jalandhar
M.: 98140-48241

**Editor**
Engineer Parminderjit Singh
524, GMT Jalandhar
singh_parminderjit@yahoo.com
M.: 99153-57524

**Co-Editor**
S. Joginder Singh Ajaib, 421-A,
Maharaja Ranjit Singh Avenue, Jalandhar-144009
M.: 98152-69145

Prof. Jaswant Singh Ph.D.
College Road, Begowal, Kapurthala
M.: 98724-66351

**Advisors**
S. Naginder Singh, Mohali, Jt. Director (Retd.)
97800-36205
S. Jagtar Singh Multani Chief Er. (Retd.) Jal.
M.: 94172-15940
Kashmir Singh Multani Maqsudan # 98150-01412

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 98149-21838, General Secretary-98763-58250

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**

ਸੰਗਰਾਂਦ - (੧ ਸਾਵਣ) 16-07-2019 (ਮੰਗਲਵਾਰ)
ਪੂਰਨਮਾਸ਼ੀ - (੧ ਸਾਵਣ) 16-07-2019 (ਮੰਗਲਵਾਰ)
ਮੱਸਿਆ - (੧੭ ਸਾਵਣ, ੧੪ ਭਾਦਰੋਂ) 1, 30-08-2019 (ਵੀਰ-ਸ਼ੁੱਕਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 88 | ਜੂਨ - 2019



| | | |
|---|---|---|
| 1. | ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ | 4 |
| 2. | ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ | 6 |
| 3. | ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ | 8 |
| 4. | ਗੁਰੂ ਨਾਨਕ ਦੇਵ ਜੀ ਦੀ ਬਾਣੀ | 9 |
| 5. | ਜਿਤੁ ਪੀਤੈ ਮਤਿ ਦੂਰਿ ਹੋਇ | 11 |
| 6. | ਸਿੱਖ ਰਹਿਤ ਮਰਯਾਦਾ | 12 |
| 7.. | ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ | 13 |
| 8. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ | 14 |
| 9. | ਜਦੋਂ ਬੰਦਾ ਬਹਾਦਰ ਨੇ ਸਿੱਖਾਂ ਦਾ ਇਕ ਸੁਪਨਾ ਸਾਕਾਰ ਕੀਤਾ | 17 |
| 10. | ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਤੇ ਸੰਗਮਰਮਰ ਲੁਆਉਣਾ | 20 |
| 11. | ਮਹਾਰਾਜੇ ਦੀਆਂ ਜਿੱਤਾਂ ਦੀ ਮਹੱਤਤਾ ਅਤੇ ਲੇਖਾ-ਜੋਖਾ | 21 |
| 12. | ਆਓ ਜਾਣੀਏ ! | 23 |
| 13. | ਕਹਾਣੀ (ਪਿੱਠੂ ਗਰਮ) | 25 |
| 14. | ਬੇਗੋਵਾਲ ਦਾ 69ਵਾਂ ਮੇਲਾ | 27 |
| 15. | ਸਿਹਤ ਸੰਭਾਲ | 30 |
| 16. | ਕਾਵਿ-ਕਿਆਰੀ | 31 |
| 17. | ਦਾਨੀ ਸੱਜਣਾਂ ਦੀ ਸੂਚੀ | 32 |
| 18. | Let us know | 38 |
| 19. | Divine Souls Never Depart, They Merge with the... | 40 |
| 20. | Matrimonial | 41 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Jagir Singh Lalia for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਦੇਵ ਜੀ




**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
98152-69145




ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਸ਼ਹੀਦੀ ਗੁਰਪੁਰਬ ਦੁਨੀਆਂ ਦੇ ਵੱਖ-ਵੱਖ ਧਾਰਮਿਕ ਅਸਥਾਨਾਂ ’ਤੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ, ਪਿਆਰ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਦਿਨ ਜਿਥੇ ਲੋਕ ਛਬੀਲਾਂ ਅਤੇ ਲੰਗਰ ਲਗਾ ਕੇ ਗੁਰੂ ਜੀ ਨੂੰ ਯਾਦ ਕਰਦੇ ਹਨ ਉਥੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਵੀ ਭੇਂਟ ਕਰਦੇ ਹਨ।

ਗੁਰੂ ਅਰਜਨ ਸਾਹਿਬ ਜੀ ਸਿੱਖ ਧਰਮ ਦੇ ਪਹਿਲੇ ਸ਼ਹੀਦ ਸਨ। ਆਪ ਨੇ ਸੱਚਾਈ ਦੀ ਜੈ-ਜੈਕਾਰ ਲਈ ਕਿਸੇ ਵੀ ਦੁਨਿਆਵੀ ਤਾਕਤ ਦੀ ਈਨ ਨਹੀਂ ਮੰਨੀ, ਅਜਰ ਨੂੰ ਜਰਿਆ ਅਤੇ ਆਪ ਅਕਹਿ ਤੇ ਅਸਹਿ ਕਸ਼ਟ ਸਹਾਰਦੇ ਹੋਏ ਆਪਣੇ ਸਿੱਖਾਂ ਨੂੰ ਕੁਰਬਾਨੀ ਕਰਨ ਦਾ ਸਬਕ ਸਿਖਾ ਗਏ। ਅਸਲ ਵਿਚ ਸਿੱਖਾਂ ਦਾ ਇਤਿਹਾਸ, ‘ਸ਼ਹੀਦਾਂ ਦਾ ਇਤਿਹਾਸ’ ਹੈ, ਜਿਸ ਦੀ ਨੀਂਹ ਸ਼ਹੀਦਾਂ ਦੇ ਸਿਰਤਾਜ, ਗੁਰੂ ਅਰਜਨ ਸਾਹਿਬ ਨੇ ਉਬਲਦੀ ਦੇਗ ਵਿਚ ਬੈਠ ਕੇ, ਤੱਤੀ ਤਵੀ ਉਪਰ ਚੌਂਕੜਾ ਮਾਰ ਕੇ ਅਤੇ ਪਾਵਨ ਸੀਸ ਵਿਚ ਸੜਦੀ-ਬਲਦੀ ਰੇਤ ਪੁਆ ਕੇ ਰੱਖੀ ਸੀ।

ਗੁਰੂ ਅਰਜਨ ਸਾਹਿਬ ਜੀ ਆਪਣੇ ਪਿਤਾ, ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। ਦੋਨਾਂ ਵੱਡੇ ਪੁੱਤਰਾਂ ਨੂੰ ਅਯੋਗ ਸਮਝ ਕੇ ਪਿਤਾ ਗੁਰਦੇਵ ਨੇ ਗੁਰਗੱਦੀ ਦਾ ਵਾਰਿਸ ੧੫੮੧ ਈ. ਵਿਚ ਗੁਰੂ ਅਰਜਨ ਸਾਹਿਬ ਨੂੰ ਥਾਪ ਦਿੱਤਾ। ਸਭ ਤੋਂ ਵੱਡਾ ਭਰਾ ਪ੍ਰਿਥੀਚੰਦ ਗੁਰਗੱਦੀ ’ਤੇ ਆਪਣਾ ਹੱਕ ਜਤਾ ਕੇ ਗੁਰੂ ਅਰਜਨ ਸਾਹਿਬ ਦਾ ਸਦੀਵੀ ਵੈਰੀ ਬਣ ਗਿਆ। ਉਸ ਨੇ ਪਿੰਡ ਹੀਰਾਂ (ਅੰਮ੍ਰਿਤਸਰ) ਵਿਚ ਸਰੋਵਰ ਖੁਦਵਾ ਕੇ ਅਤੇ ਗੁਰੂ ਅਰਜਨ ਸਾਹਿਬ ਵਾਂਗ ਗੁਰਗੱਦੀ ਲਾ ਕੇ ਬੈਠਣਾ ਸ਼ੁਰੂ ਕੀਤਾ ਪਰ ਸਿੱਖ ਸੰਗਤਾਂ ਨੇ ਨਾ ਮੰਨਿਆ। ਅਕਬਰ ਸਮਰਾਟ ਦੀ ਕਚਿਹਰੀ ਵਿਚ ਗੁਰੂ ਜੀ ਵਿਰੁੱਧ ਜਾਇਦਾਦ ਬਾਰੇ ਮੁਕੱਦਮਾ ਕੀਤਾ, ਚੰਦੂ ਵਰਗੇ ਹੰਕਾਰੀ ਦੀਵਾਨ ਨਾਲ ਮਿਲ ਕੇ ਰਾਜ ਦਰਬਾਰ ਵਿਚ ਪਹੁੰਚ ਕੀਤੀ। ਸੁਲਹੀ ਖਾਂ ਵਰਗੇ ਫੌਜਦਾਰ ਨੂੰ ਗੁਰੂ ਅਰਜਨ ਸਾਹਿਬ ’ਤੇ ਚੜ੍ਹਾ ਕੇ ਲੈ ਆਇਆ, ਪਰ ਗੁਰੂ-ਘਰ ’ਤੇ ਹਮਲਾ ਕਰਨ ਵਾਲਾ, ਭੱਠੇ ਦੇ ਆਵੇ ਵਿਚ ਸੜ ਮੋਇਆ।

ਪ੍ਰਿਥੀਏ ਨੇ ਗੁਰੂ ਅਰਜਨ ਸਾਹਿਬ ਦੇ ਇਕਲੌਤੇ ਬੇਟੇ (ਗੁਰੂ) ਹਰਗੋਬਿੰਦ ਜੀ ਨੂੰ ਕਈ ਢੰਗਾਂ ਨਾਲ ਮਰਵਾਉਣ ਦੀ ਕੋਸ਼ਿਸ਼ ਕੀਤੀ, ਪਰ ਜਿਸ ਨੇ ਮੀਰੀ-ਪੀਰੀ ਦਾ ਮਾਲਕ ਬਣਨਾ ਸੀ, ਮਜ਼ਲੂਮਾਂ ਦੀ ਰੱਖਿਆ ਕਰਨੀ ਸੀ, ਉਸ ਨੂੰ ਪ੍ਰਿਥੀਏ ਦੇ ਕੋਝੇ ਯਤਨ ਕਿਵੇਂ ਮਾਰ ਸਕਦੇ ਸਨ? ਜਦੋਂ ਪ੍ਰਿਥੀਆ ਕਿਸੇ ਤਰ੍ਹਾਂ ਵੀ ਸਫ਼ਲ ਨਾ ਹੋਇਆ, ਤਾਂ ਉਸ ਨੇ ਗੁਰੂ ਦੋਖੀਆਂ ਨਾਲ ਮਿਲ ਕੇ ‘ਮਹਜ਼ਰ ਨਾਮਾ’ (ਸ਼ਿਕਾਇਤ ਨਾਮਾ) ਤਿਆਰ ਕੀਤਾ ਕਿ ਵੱਡਾ ਹੋਣ ਕਰਕੇ ਗੁਰਿਆਈ ’ਤੇ ਮੇਰਾ ਹੱਕ ਹੈ ਅਤੇ ਗੁਰੂ ਅਰਜਨ ਸਾਹਿਬ ਸਰਕਾਰ ਦੇ ਖੈਰ ਖਾਹ ਵੀ ਨਹੀਂ ਹਨ। ਅਕਬਰ ਨੇ ਇਸ ਮੁਆਮਲੇ ਦੀ ਖੁਦ ਤਹਿਕੀਕਾਤ ਕੀਤੀ ਤੇ ਪ੍ਰਿਥੀਏ ਦਾ ‘ਮਹਜ਼ੂਰ’ ਝੂਠਾ ਸਾਬਤ ਹੋਇਆ।

ਇਸ ਪ੍ਰਕਾਰ ਆਪਣਾ ਨਾਂ ਕਲੰਕਿਤ ਕਰਵਾ ਕੇ ਪ੍ਰਿਥੀਆ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਪਹਿਲਾਂ ਹੀ ਚੱਲ ਵਸਿਆ, ਪਰ ਉਸ ਦੇ ਵਿਰੋਧ ਕਾਰਨ ਗੁਰੂ ਦੋਖੀਆਂ ਤੇ ਵਿਸ਼ੇਸ਼ ਤੌਰ ’ਤੇ ਚੰਦੂ ਦੇ ਹੱਥ ਜ਼ਰੂਰ ਮਜ਼ਬੂਤ ਹੋ ਗਏ।

ਦੀਵਾਨ ਚੰਦੂ ਲਾਲ ਦੀ ਧੀ ਦਾ ਰਿਸ਼ਤਾ ਗੁਰੂ ਅਰਜਨ ਸਾਹਿਬ ਨੇ ਸਿੱਖ ਸੰਗਤਾਂ ਦੇ ਕਹਿਣ ’ਤੇ ਵਾਪਿਸ ਕੀਤਾ ਸੀ, ਕਿਉਂਕਿ ਹੰਕਾਰ ਦੇ ਮੱਤੇ ਚੰਦੂ ਨੇ ਆਪਣੇ ਆਪ ਨੂੰ ‘ਚੁਬਾਰਾ’ ਤੇ ਗੁਰੂ-ਘਰ ਨੂੰ ‘ਮੋਰੀ’ ਕਹਿ ਕੇ ਅਪਮਾਨ ਕੀਤਾ ਸੀ। ਬਦਲੇ ਦਾ ਭਾਂਬੜ ਉਹਦੇ ਅੰਦਰ ਮੱਚਿਆ ਹੋਇਆ ਸੀ। ‘ਤਵਾਰੀਖ ਸਿੱਖਾਂ’ ਦਾ ਕਰਤਾ ਮੁਨਸ਼ੀ ਖੁਸ਼ਵਕਤ ਰਾਇ ਲਿਖਦਾ ਹੈ :

“ਇਸ ਗੱਲੋਂ ਚੰਦੂ ਦਾ ਮਨ ਮੈਲਾ ਹੋ ਗਿਆ ਤੇ ਉਸ ਨੇ ਵੈਰ-ਵਿਰੋਧ ਪੁਰ ਲੱਕ ਬੰਨ੍ਹ ਲਿਆ ਤੇ ਉਸ ਨੇ ਬਾਦਸ਼ਾਹ ਦੇ ਹਜ਼ੂਰ ਚੁਗਲੀ ਕੀਤੀ ਕਿ ਸਾਰੀ ਦੁਨੀਆਂ ਦਾ ਮਾਲ ਗੁਰੂ ਕੇ ਘਰ ਹੈ ਤੇ ਦੇਸ਼ ਦੇ ਅਕਸਰ ਰਾਜੇ (ਜ਼ਿਮੀਦਾਰ) ਉਸ ਨਾਲ ਮੇਲ-ਜੋਲ ਰੱਖਦੇ ਹਨ। ਬਾਦਸ਼ਾਹ ਨੇ ਲੇਖਾ-ਪੱਤਾ ਕਰਨ ਵਾਸਤੇ ਗੁਰੂ ਜੀ ਨੂੰ ਤਲਬ ਕਰ ਲਿਆ।”

ਗੁਰੂ ਅਰਜਨ ਸਾਹਿਬ ਦੇ ਗੁਰਗੱਦੀ-ਕਾਲ ਦੀ ਸੰਸਾਰ ਦੇ ਅਧਿਆਤਮਕ ਸਾਹਿਤ ਤੇ ਵਿਸ਼ੇਸ਼ ਤੌਰ ’ਤੇ ਪੰਜਾਬੀ ਸਾਹਿਤ ਨੂੰ ਮਹਾਨ ਦੇਣ ‘ਗੁਰੂ ਗ੍ਰੰਥ ਸਾਹਿਬ ਜੀ’ (ਆਦਿ ਗ੍ਰੰਥ) ਦੀ ਸੰਪਾਦਨਾ ਸੀ। ਗੁਰੂ ਜੀ ਖੁਦ ਵੀ ਆਪਣੇ ਸਮੇਂ ਦੇ ਇਕ ਅਦੁੱਤੀ ਕਵੀ ਸਨ। ਆਪ ਨੇ ਆਪਣੀ ਬਾਣੀ ਤੋਂ ਇਲਾਵਾ ਪਹਿਲੇ ਚਾਰ ਗੁਰੂ ਸਾਹਿਬਾਨ, ਭਗਤੀ ਅੰਦੋਲਨ ਦੇ ਮਹਾਂਪੁਰਸ਼ਾਂ ਤੇ ਗੁਰੂ-ਘਰਾਂ ਦੇ ਨਿਕਟਵਰਤੀਆਂ ਦੀ ਬਾਣੀ ਦਾ ਸੰਕਲਣ ਤੇ ਸੰਪਾਦਨ ਕਰਕੇ ਪੰਜਾਬੀ ਸਾਹਿਤ ਦਾ ੫੦੦ ਸਾਲ ਦਾ ਵਡਮੁੱਲਾ ਵਿਰਸਾ ਸੰਭਾਲ ਕੇ ੧੬੦੪ ਈ. ਵਿਚ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪ੍ਰਕਾਸ਼ ਕੀਤਾ।

ਇਸ ਅਦੁੱਤੀ ਗ੍ਰੰਥ ਵਿਚ ਮੁਸਲਮਾਨ ਤੇ ਅਖੌਤੀ ਨਿਮਨ ਜਾਤੀਆਂ ਨਾਲ ਸੰਬੰਧ ਰੱਖਣ ਵਾਲੇ ਭਗਤਾਂ ਦੀ ਬਾਣੀ ਵੀ ਸੰਕਲਿਤ ਕੀਤੀ ਸੀ। ਇਸ ਦਾ ਮੁੱਖ ਆਸ਼ਾ 'ਸਰਬ-ਸਾਂਝੀਵਾਲਤਾ' ਦਾ ਆਦਰਸ਼ ਦਰਸਾਇਆ ਗਿਆ ਸੀ।

**ਨਾ ਕੋ ਬੈਰੀ ਨਹੀਂ ਬਿਗਾਨਾ**

**ਸਗਲ ਸੰਗਿ ਹਮ ਕਉ ਬਨਿ ਆਈ॥**

(ਪੰਨਾ ੧੨੯੯)

ਇਸੇ ਕਰਕੇ ਇਸ ਨਵੇਂ ਧਰਮ ਦੇ ਪ੍ਰਭਾਵ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਆਪਣੇ ਵੱਲ ਖਿੱਚਿਆ। ਫਲਸਰੂਪ ਪੰਡਿਤਾਂ ਤੇ ਮੌਲਾਣਿਆਂ ਨੇ ਅਕਬਰ ਸਮਰਾਟ ਨੂੰ ਸ਼ਿਕਾਇਤ ਕੀਤੀ ਕਿ ਆਦਿ ਗ੍ਰੰਥ ਵਿਚ ਹਿੰਦੂ ਦੇਵੀ-ਦੇਵਤਿਆਂ ਅਤੇ ਮੁਸਲਮਾਨ ਪੀਰਾਂ ਦੀ ਨਿੰਦਿਆ ਕੀਤੀ ਗਈ ਹੈ। ਅਕਬਰ ਨੇ ਆਦਿ ਗ੍ਰੰਥ ਦੀ ਬੀੜ ਮੰਗਵਾ ਕੇ ਵੱਖ-ਵੱਖ ਥਾਵਾਂ ਤੋਂ ਪਾਠ ਸੁਣਿਆ। ਪਾਠ ਸੁਣਨ ਤੋਂ ਬਾਅਦ ਉਸ ਨੇ ਗੁਰੂ ਸਾਹਿਬ ਦੀ ਵਾਹਵਾਈ ਕੀਤੀ ਤੇ ਕਿਹਾ ਕਿ ਇਸ ਤਰ੍ਹਾਂ ਦਾ ਗ੍ਰੰਥ ਹੋਰ ਕਿਤੇ ਨਹੀਂ ਹੈ।

ਗੁਰੂ ਅਰਜਨ ਸਾਹਿਬ ਨੇ ਸਿੱਖ ਧਰਮ ਨੂੰ ਸੰਗਠਿਤ ਕੀਤਾ ਅਤੇ ਸਮਾਜ ਸੁਧਾਰ ਲਈ ਠੋਸ ਕਾਰਜ ਕੀਤੇ। ਸਰਵ-ਸਾਂਝੇ 'ਹਰਿਮੰਦਰ ਸਾਹਿਬ' ਦੀ ਨੀਂਹ ਰੱਬ ਨੂੰ ਪਹੁੰਚੇ ਇਕ ਮੁਸਲਮਾਨ ਫਕੀਰ 'ਸਾਈਂ ਮੀਆਂ ਮੀਰ' ਜੀ ਤੋਂ ਰਖਵਾਈ। ਇਸ ਦੀ ਸਥਾਪਨਾ ਕਰਕੇ ਚਾਰ ਵਰਨਾਂ ਲਈ ਚਾਰ ਦਰਵਾਜ਼ੇ ਖੋਲ੍ਹ ਦਿੱਤੇ। ਅੰਮ੍ਰਿਤ ਸਰੋਵਰ ਵਿਚ ਸਭ ਜਾਤਾਂ ਦੇ ਲੋਕਾਂ ਲਈ ਇਸ਼ਨਾਨ ਕਰਨ ਦੀ ਇਜਾਜ਼ਤ ਦਿੱਤੀ। ਗੁਰੂ ਕੇ ਲੰਗਰ ਵਿਚ ਸਭ ਨੂੰ ਇੱਕੋ ਪੰਗਤ ਵਿਚ ਬਿਠਾ ਕੇ ਲੰਗਰ ਛਕਾਇਆ ਜਾਂਦਾ। ਆਦਿ ਗ੍ਰੰਥ ਦੀ ਬਾਣੀ ਪੜ੍ਹਨ, ਸੁਣਨ ਤੇ ਸੁਣਾਉਣ ਦਾ ਬਿਨਾਂ ਕਿਸੇ ਜਾਤਪਾਤ, ਊਚ-ਨੀਚ, ਵਰਗ, ਲਿੰਗ, ਰੰਗ ਧਰਮ ਦੇ ਵਿਤਕਰੇ ਤੋਂ ਇਜਾਜ਼ਤ ਦਿੱਤੀ ਗਈ। ਇਸ ਪ੍ਰਕਾਰ ਜਾਤ-ਪਾਤ, ਊਚ-ਨੀਚ ਦੇ ਵਿਤਕਰੇ ਨੂੰ ਖਤਮ ਕੀਤਾ ਗਿਆ। ਸਿੱਖ ਧਰਮ ਨੂੰ ਫੈਲਾਉਣ ਲਈ ਕਈ ਥਾਵਾਂ 'ਤੇ ਗੁਰੂ ਜੀ ਨੇ ਨਵੇਂ ਕੇਂਦਰ ਕਾਇਮ ਕੀਤੇ। ਮਸੰਦ ਪ੍ਰਥਾ ਨੂੰ ਠੀਕ ਢੰਗ ਨਾਲ ਜਥੇਬੰਦ ਕੀਤਾ, ਕਾਰ-ਭੇਟਾ ਦਾ ਪੂਰਾ ਹਿਸਾਬ-ਕਿਤਾਬ ਰੱਖਣਾ ਸ਼ੁਰੂ ਕੀਤਾ ਤੇ ਦਸਵੰਧ ਦੀ ਪ੍ਰਥਾ ਪਾਈ। ਆਰਥਕ ਦਸ਼ਾ ਨੂੰ ਸੁਧਾਰਨ ਹਿੱਤ ਵਪਾਰ ਕਰਨ ਲਈ ਗੁਰੂ ਜੀ ਨੇ ਸਿੱਖਾਂ ਨੂੰ ਪ੍ਰੇਰਨਾ ਦਿੱਤਾ। ਇਸ ਦੇ ਫਲਸਰੂਪ ਨਾ ਕੇਵਲ ਸਿੱਖ ਧਰਮ ਦਾ ਸੰਗਠਨ ਤੇ ਵਿਕਾਸ ਹੀ ਹੋਇਆ, ਸਗੋਂ ਗੁਰੂ ਅਰਜਨ ਸਾਹਿਬ ਦੇ ਮਾਨ-ਪ੍ਰਤਿਸ਼ਠਾ ਵਿਚ ਵੀ ਵਾਧਾ ਹੋਇਆ। ਲੋਕ ਉਨ੍ਹਾਂ ਨੂੰ ਸੱਚਾ ਪਾਤਸ਼ਾਹ ਕਹਿਣ ਲੱਗ ਪਏ ਸਨ । ਬੇਸ਼ੱਕ ਸਿੱਖ ਧਰਮ ਦਾ ਸੰਗਠਨ ਦਾ ਮਨੋਰਥ ਉਸ ਸਮੇਂ ਤੱਕ ਰਾਜਨੀਤਕ ਸ਼ਕਤੀ ਪ੍ਰਾਪਤ ਕਰਨਾ ਨਹੀਂ ਸੀ ਪਰ ਫਿਰ ਵੀ ਮੁਗਲ ਸਮਰਾਟ ਜਹਾਂਗੀਰ ਗੁਰੂ ਅਰਜਨ ਸਾਹਿਬ ਦੇ ਅਧੀਨ ਸਿੱਖ ਸੰਪਰਦਾਇ ਦੀ ਸ਼ਕਤੀ ਨੂੰ ਸਰਕਾਰ ਤੇ ਇਸਲਾਮ ਦੋਨਾਂ ਲਈ ਖਤਰੇ ਦਾ ਸਾਧਨ ਸਮਝਦਾ ਸੀ।

ਜਹਾਂਗੀਰ ਸਮਰਾਟ ਬੜਾ ਕੱਟੜ ਮੁਤਅੱਸਬੀ ਸੀ। ਉਹ ਸਮਰਾਟ ਬਣਨ ਤੋਂ ਪਹਿਲਾਂ ਹੀ ਗੁਰੂ-ਘਰ ਦਾ ਵਿਰੋਧੀ ਸੀ। 'ਤੁਜ਼ਕਿ ਜਹਾਂਗੀਰੀ' (ਪੰਨਾ ੩੫) ਅਨੁਸਾਰ ਉਹ ਗੁਰੂ-ਘਰ ਨੂੰ 'ਝੂਠੀ ਦੁਕਾਨ' ਮਿੱਥਦਾ ਹੈ। ਉਸ ਨੂੰ ਬਹੁਤ ਸਾਰੇ ਮੁਸਲਮਾਨਾਂ ਦਾ ਗੁਰੂ ਜੀ ਦੇ ਸ਼ਰਧਾਲੂ ਹੋਣ ਦਾ ਬੜਾ ਦੁੱਖ ਸੀ। ਕਈ ਇਤਿਹਾਸਕਾਰ ਕਹਿੰਦੇ ਹਨ ਕਿ ਗੁਰੂ ਜੀ ਦੀ ਸ਼ਹੀਦੀ ਸ਼ਹਿਜ਼ਾਦਾ ਖੁਸਰੋ ਦੀ ਕਥਿਤ ਮੱਦਦ ਕਾਰਨ ਹੋਈ।

ਤੁਜ਼ਕਿ ਜਹਾਂਗੀਰੀ ਅਨੁਸਾਰ, "ਗੁਰੂ ਜੀ ਖੁਸਰੋ ਨੂੰ ਤਿਲਕ ਦਿੱਤਾ। ਜਦ ਇਹ ਖ਼ਬਰ ਮੇਰੇ ਕੰਨਾਂ ਤੀਕ ਪਹੁੰਚੀ, ਮੈਂ ਤਾਂ ਪਹਿਲਾਂ ਹੀ ਉਸ ਦੇ ਝੂਠ ਨੂੰ ਚੰਗੀ ਤਰ੍ਹਾਂ ਜਾਣਦਾ ਸੀ, ਮੈਂ ਹੁਕਮ ਕੀਤਾ ਕਿ ਉਸ ਨੂੰ ਹਾਜ਼ਰ ਕੀਤਾ ਜਾਵੇ। ਉਸ ਦੇ ਘਰ-ਬਾਰ ਤੇ ਪੁੱਤਰ ਨੂੰ ਮੁਰਤਜ਼ਾ ਖਾਂ ਦੇ ਹਵਾਲੇ ਕਰ ਦਿੱਤਾ। ਉਸ ਦੀ ਜਾਇਦਾਦ ਨੂੰ ਜ਼ਬਤ ਕਰਕੇ ਹੁਕਮ ਦਿੱਤਾ ਕਿ ਯਾਸਾ ਦੀ ਸਜ਼ਾ ਦਿੱਤੀ ਜਾਵੇ।"

ਸ਼ਹਿਜ਼ਾਦਾ ਖੁਸਰੋ ਬਗਾਵਤ ਕਰਕੇ ਪੰਜਾਬ ਵੱਲ ਭੱਜਾ ਤੇ ਜਹਾਂਗੀਰ ਨੇ ਉਸ ਦਾ ਪਿੱਛਾ ਕੀਤਾ। ਖੁਸਰੋ ਦੀ ਮੱਦਦ ਕਰਨ ਵਾਲਿਆਂ ਨੂੰ ਉਹ ਨਾਲੋਂ ਨਾਲ ਸਜ਼ਾਵਾਂ ਦਿੰਦਾ ਗਿਆ ਜਿਵੇਂ 'ਨਾਜ਼ਮ ਥਾਨੇਸਰੀ' ਨੂੰ ਖੁਸਰੋ ਦੀ ਮੱਦਦ ਬਦਲੇ ਰਸਤੇ ਦਾ ਖਰਚਾ ਦੇ ਕੇ ਮੱਕੇ ਵੱਲ ਟੋਰ ਦਿੱਤਾ। ਸਮਰਾਟ ਗੋਇੰਦਵਾਲ (ਰਾਮਦਾਸਪੁਰ ਦੇ ਨਜ਼ਦੀਕ ਤੋਂ) ਲੰਘਦਾ ਹੋਇਆ ਲਾਹੌਰ ਵੱਲ ਵਧਿਆ ਪਰ ਕਿਸੇ ਸੂਹੀਏ ਨੇ ਗੁਰੂ ਜੀ ਦੇ ਖਿਲਾਫ਼ ਖੁਸਰੋ ਦੀ ਕਥਿਤ ਮੱਦਦ ਬਾਰੇ ਰਿਪੋਰਟ ਨਾ ਕੀਤੀ। ਐਪਰ ਮਹੀਨੇ ਕੁ ਬਾਅਦ ਲਾਹੌਰ ਵਿਖੇ ਜਹਾਂਗੀਰ ਦੇ ਦਰਬਾਰ ਵਿਚ ਗੁਰੂ ਦੋਖੀਆਂ ਦਾ ਦਾਅ ਫਬ ਗਿਆ। ਉਨ੍ਹਾਂ ਵਿਚ ਚੰਦੂ ਵੀ ਸ਼ਾਮਲ ਸੀ। ਮੈਕਾਲਿਫ ਅਤੇ ਗਿ. ਗਿਆਨ ਸਿੰਘ ਨੇ ਇਸ ਤੱਥ ਦੀ ਗੁਆਹੀ ਭਰੀ ਹੈ।

ਖੁਸਰੋ ਨੂੰ ਤਿਲਕ ਲਾਉਣ ਦਾ ਦੋਸ਼ ਬਿਲਕੁਲ ਨਿਰਮੂਲ ਹੈ, ਕਿਉਂਕਿ ਗੁਰੂ-ਘਰ ਵਿਚ ਆਪਣੇ ਉੱਤਰ-ਅਧਿਕਾਰੀ ਤੋਂ ਸਿਵਾਏ ਹੋਰ ਕਿਸੇ ਨੂੰ ਤਿਲਕ ਨਹੀਂ ਲਾਇਆ ਜਾਂਦਾ ਸੀ ਜਹਾਂਗੀਰ ਗੁਰੂ ਜੀ ਦੇ ਵਿਰੁੱਧ ਕੇਵਲ ਬਹਾਨਾ ਢੂੰਢਦਾ ਸੀ। ਜਹਾਂਗੀਰ ਦੇ ਸ਼ਾਹੀ ਹੁਕਮ ਨਾਲ ਗੁਰੂ ਜੀ ਨੂੰ ਲਾਹੌਰ ਬੁਲਾਇਆ ਗਿਆ। ਸੰਸਥਾ ਸ਼ਕਤੀ ਦੇ ਦਬਾਅ ਥੱਲੇ 'ਗੁਰਬਾਣੀ' ਵਿਚ ਤਬਦੀਲੀ ਕਰਨ ਤੋਂ ਗੁਰੂ ਜੀ ਨੇ ਸਾਫ਼ ਇਨਕਾਰ ਕਰ ਦਿੱਤਾ।

ਫਿਰ ਖੁਸਰੋ ਦੀ ਕਥਿਤ ਮੱਦਦ ਦੇ ਦੋਸ਼ ਵਿਚ ਜਹਾਂਗੀਰ ਨੇ ਗੁਰੂ ਜੀ ਨੂੰ ਦੋ ਲੱਖ ਜ਼ੁਰਮਾਨਾ ਕੀਤਾ ਪਰ ਗੁਰੂ ਜੀ ਨੇ ਦੋਸ਼ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ। ਅਖੀਰ ਵਿਚ ਸਮਰਾਟ ਨੇ 'ਤੁਜ਼ਕਿ- ਜਹਾਂਗੀਰੀ' ਅਨੁਸਾਰ ਯਾਸਾ ਦੀ ਸਜ਼ਾ (ਇਹ ਉਹ ਸਜ਼ਾ ਹੈ ਜਿਸ ਅਨੁਸਾਰ ਜਿਸ ਇਨਸਾਨ ਨੂੰ ਸਜ਼ਾ ਦਿੱਤੀ ਜਾਂਦੀ ਹੈ ਉਸ ਦਾ ਖ਼ੂਨ ਧਰਤੀ ਤੇ ਡਿੱਗਣਾ ਨਹੀਂ ਚਾਹੀਦਾ) ਸੁਣਾ ਦਿੱਤੀ। ਚੰਦੂ ਲਾਲ ਦੀਵਾਨ ਦੀ ਨਿੱਜੀ ਰੰਜ਼ਿਸ਼ ਕਾਰਨ ਗੁਰੂ ਜੀ ਨੂੰ ਪਾਣੀ ਦੀ ਉਬਲਦੀ ਦੇਗ ਵਿਚ ਬਿਠਾਇਆ ਗਿਆ, ਤੱਤੀ ਤਵੀ 'ਤੇ ਬਿਠਾ ਕੇ ਆਪ ਜੀ ਦੇ ਸੀਸ ਉੱਤੇ ਗਰਮ ਰੇਤ ਪੁਆਈ ਗਈ।

ਇਸ ਪ੍ਰਕਾਰ ਅਕਹਿ ਤੇ ਅਸਹਿ ਕਸ਼ਟ ਦੇ ਕੇ ਆਪ ਨੂੰ ਲਾਹੌਰ ਵਿਖੇ ੩੦ ਮਈ ੧੬੦੬ ਈ. ਨੂੰ ਸ਼ਹੀਦ ਕੀਤਾ ਗਿਆ। ਇਸ ਮਹਾਨ ਸ਼ਹਾਦਤ ਵਾਲੇ ਸਥਾਨ 'ਤੇ ਰਾਵੀ ਕੰਢੇ ਲਾਹੌਰ ਵਿਖੇ ਗੁਰਦੁਆਰਾ 'ਡੇਰਾ ਸਾਹਿਬ' ਸਥਿਤ ਹੈ।

ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦੇ ਪ੍ਰਤੀਕਰਮ ਵਜੋਂ ਸਿੱਖ ਧਰਮ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਆਇਆ। ਸਿੱਖਾਂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਸੈਨਿਕ ਸ਼ਕਤੀ ਦੀ ਲੋੜ ਅਨੁਭਵ ਹੋਈ। ਸਿੱਖ ਧਰਮ ਵਿਚ ਭਗਤੀ ਤੇ ਸ਼ਕਤੀ ਦਾ ਸੁਮੇਲ ਹੋਇਆ, ਜਿਸ ਕਾਰਨ ਆਪ ਦੇ ਸਿੱਖਾਂ ਨੇ ਗੁਰੂ ਹਰਿਗੋਬਿੰਦ ਜੀ ਦੀ ਅਗਵਾਈ ਵਿਚ ਮੁਗਲਾਂ ਵਿਰੁੱਧ ਯੁੱਧ-ਭੂਮੀ ਵਿਚ ਡਟ ਕੇ ਮੁਕਾਬਲਾ ਕੀਤਾ। ਇਸ ਸ਼ਹਾਦਤ ਨਾਲ ਸਿੱਖਾਂ ਵਿਚ ਕੁਰਬਾਨੀਆਂ ਕਰਨ ਦੀ ਬੁਨਿਆਦ ਰੱਖੀ ਗਈ, ਜਿਸ ਕਾਰਨ ਉਹ ਸੰਤ-ਸਿਪਾਹੀ ਬਣ ਗਏ।

# ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ

ਪ੍ਰਿੰ. ਸੁਰਜੀਤ ਸਿੰਘ



ਗੁਰੂ ਹਰਿਗੋਬਿੰਦ ਜੀ ਨੂੰ ਭਾਵੇਂ ਗਿਆਰਾਂ ਸਾਲ ਦੀ ਬਾਲ ਅਵਸਥਾ ਵਿਚ ਹੀ ਗੁਰਿਆਈ ਦਿੱਤੀ ਗਈ, ਪ੍ਰੰਤੂ ਉਨ੍ਹਾਂ ਨੇ ਗੱਦੀ ਉੱਤੇ ਬੈਠਣ ਉਪਰੰਤ ਦੋ ਤਲਵਾਰਾਂ ਪਹਿਨ ਲਈਆਂ, ਜਿਨ੍ਹਾਂ ਨੂੰ ਮੀਰੀ ਤੇ ਪੀਰੀ ਦੀਆਂ ਤਲਵਾਰਾਂ ਆਖਦੇ ਹਨ। ਮੀਰੀ ਦੀ ਤਲਵਾਰ ਸੰਸਾਰਕ ਤੇ ਵਿਹਾਰਕ ਸ਼ਕਤੀ ਦਾ ਪ੍ਰਤੀਕ ਸੀ ਅਤੇ ਪੀਰੀ ਦੀ ਤਲਵਾਰ ਰੂਹਾਨੀ ਪ੍ਰਮੁੱਖਤਾ ਤੇ ਅਗਵਾਈ ਦੀ। ਇਨ੍ਹਾਂ ਦੋ ਤਲਵਾਰਾਂ ਦਾ ਜੋੜ, ਇਨ੍ਹਾਂ ਨੂੰ ਇਕੱਠਿਆਂ ਪਹਿਨਣਾ ਨਾ ਕੇਵਲ ਭਗਤੀ ਤੇ ਸ਼ਕਤੀ ਦੇ ਸੁਮੇਲ ਦਾ ਸੰਕਲਪ ਤੇ ਸਿਧਾਂਤ ਹੀ ਸੀ, ਸਗੋਂ ਵਿਹਾਰਕ ਜੀਵਨ ਜੁਗਤੀ ਦਾ ਜ਼ਾਹਿਰਾ ਰੂਪ ਵੀ ਸੀ।

ਮੀਰੀ ਤੇ ਪੀਰੀ ਇਕ ਅਜਿਹਾ ਸਿਧਾਂਤ ਤੇ ਸੰਕਲਪ ਹੈ ਜੋ ਆਪਣੇ ਆਪ ਵਿਚ ਮਨੁੱਖੀ ਜੀਵਨ ਨੂੰ ਪੂਰਨਤਾ ਪ੍ਰਦਾਨ ਕਰਦਾ ਹੈ। ਇਹ ਇਕ ਅਮਲੀ ਤੇ ਵਿਹਾਰਕ ਜੀਵਨ ਜੁਗਤੀ ਹੈ। ਇਹ ਪਰਮਾਤਮਾ ਦੇ ਇਕ ਹੀ ਸਮੇਂ ਵਿਚ ਦਿਆਲੂ ਪੁਰਖ ਤੇ ਸਰਬ-ਸ਼ਕਤੀਮਾਨ ਹੋਣ ਦਾ ਝਲਕਾਰਾ ਹੈ। ਇਸ ਕਰਕੇ ਮਨੁੱਖ (ਜੋ ਉਸ ਸਿਰਜਣਹਾਰ ਦਾ ਅਕਸ ਹੈ, ਉਸੇ ਦੀ ਹੀ ਇਕ ਚਿਣਗ ਹੈ) ਦਾ ਜ਼ਰੂਰੀ ਜੀਵਨ-ਲਕਸ਼ ਹੀ ਨਹੀਂ, ਸਗੋਂ ਇਕੋ ਇਕ ਜੀਵਨ ਰਾਹ ਹੈ। ਸ਼ਕਤੀ ਤੇ ਭਗਤੀ ਦੇ ਰੂਪ ਵਿਚ ਮੀਰੀ ਤੇ ਪੀਰੀ ਦਾ ਸੰਗਮ ਇਕ ਇਤਿਹਾਸਕ ਤੱਥ ਹੀ ਨਹੀਂ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਵੇਲੇ ਦੀ ਲੋੜ ਦੇ ਰੂਪ ਵਿਚ ਹੋਂਦ ਵਿਚ ਆਇਆ ਦੱਸਿਆ ਜਾਂਦਾ ਹੈ, ਸਗੋਂ ਇਹ ਤਾਂ ਇਕ ਵਿਸ਼ਵ-ਵਿਆਪੀ ਜੀਵਨ ਧਾਰਨਾ ਹੈ, ਇਕ ਐਸੀ ਸੱਚਾਈ ਹੈ ਜਿਸ ਤੋਂ ਬਿਨਾਂ ਜ਼ਿੰਦਗੀ ਅਧੂਰੀ ਤੇ ਅਪੰਗ ਹੁੰਦੀ ਹੈ। ਇਹ ਇਕ ਪਾਸੇ ਕੁਦਰਤ ਦੇ ਮੰਨੇ-ਪ੍ਰਮੰਨੇ ਨਿਯਮ, ਜੀਵਨ ਘੋਲ (Struggle for existence) ਤੇ ਦੂਸਰੇ ਪਾਸੇ ਮਾਨਵਤਾ ਦੇ ਅਸੂਲ ਜੀਉ ਤੇ ਜਿਉਣ ਦਿਉ ਦਾ ਸੰਗਮ ਹੋਣ ਕਰਕੇ, ਕੁਦਰਤ ਤੇ ਮਾਨਵਤਾ ਦਾ ਜੋੜ ਹੈ ਤੇ ਇਸ ਦੇ ਰਸਤੇ ਹੀ ਮਨੁੱਖੀ ਜੀਵਨ ਦਾ ਪਰਮ ਉਦੇਸ਼ ਜੀਵ ਜਗਤ ਤੇ ਬ੍ਰਹਮ ਦਾ ਜੋੜ ਸਿਰੇ ਚੜ੍ਹਦਾ ਹੈ।

ਵਿਹਾਰੀ ਜੀਵਨ ਵਿਚ ਭਾਵੇਂ ਕੋਈ ਸੰਤ ਹੋਵੇ ਤੇ ਭਾਵੇਂ ਭਗਤ, ਭਾਵੇਂ ਦੁਨੀਆਦਾਰ ਹੋਵੇ ਤੇ ਭਾਵੇਂ ਸ਼ਾਸਕਨ ਹਾਕਮ, ਮੀਰੀ ਤੇ ਪੀਰੀ ਦੀ ਜੀਵਨ ਜੁਗਤੀ ਹੀ ਉਸ ਨੂੰ ਸਫਲਤਾ ਦੀ ਸਿਖਰ ਤੱਕ ਪਹੁੰਚਾਂਦੀ ਹੈ। ਜੇ ਪੀਰੀ ਧਰਮ ਹੈ, ਤਾਂ ਮੀਰੀ ਇਸ ਦੀ ਧਿਰ, ਜੇਕਰ ਮੀਰੀ ਦੁਨੀਆਂਦਾਰੀ ਤੇ ਮਨੁੱਖੀ ਸੰਬੰਧਾਂ ਦੀ ਸਿਖਰ ਯਾਨੀ 'ਰਾਜ ਸੱਤਾ' ਹੈ ਤਾਂ ਪੀਰੀ, ਦਇਆ, ਮਨੁੱਖੀ ਬਰਾਬਰੀ, ਮਾਨਵੀ ਕਦਰਾਂ-ਕੀਮਤਾਂ ਦਾ ਸਤਿਕਾਰ ਤੇ ਇਨਸਾਫ ਦੇ ਰੂਪ ਵਿਚ ਧਰਮ ਦਾ ਪ੍ਰਗਟ ਰੂਪ ਬਣਦੀ ਹੋਈ ਰਾਜ ਸੱਤਾ ਦਾ ਮਾਰਗ ਦਰਸ਼ਨ ਤੇ ਰਾਹਨੁਮਾ ਬਣਦੀ ਹੈ, ਜਿਸ ਕਰਕੇ ਇਹ ਰਾਜ-ਸੱਤਾ ਦਾ ਧੁਰਾ ਤੇ ਇਸ ਦੀ ਸਥਿਰਤਾ ਦਾ ਆਧਾਰ ਬਣਦੀ ਹੈ। ਜਿਵੇਂ ਕੋਈ ਵੀ ਰਾਜ-ਸੱਤਾ ਇਕ ਪਾਸੇ ਤਾਕਤ ਤੇ ਦੂਸਰੇ ਪਾਸੇ ਮਾਨਵੀ ਕਦਰਾਂ-ਕੀਮਤਾਂ ਉੱਤੇ ਆਧਾਰਤ ਇਨਸਾਫ਼ ਤੋਂ ਬਿਨਾਂ ਸਥਿਰ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਹੀ ਮਨੁੱਖੀ ਜੀਵਨ ਤੇ ਮਨੁੱਖੀ ਸੰਬੰਧ ਤਾਕਤ ਤੇ ਸਿਦਕਦਿਲੀ (ਸਚਾਈ) ਯਾਨੀ ਸ਼ਕਤੀ ਤੇ ਭਗਤੀ, ਜਾਂ ਮੀਰੀ ਤੇ ਪੀਰੀ ਦੇ ਜੋੜ ਤੋਂ ਬਿਨਾਂ ਅੱਗੇ ਨਹੀਂ ਟੁਰ ਸਕਦੇ। ਇਸ ਜੋੜ ਤੋਂ ਬਿਨਾਂ ਜੀਵਨ ਦੀ ਰਵਾਨੀ ਹੀ ਖਤਮ ਹੋ ਜਾਂਦੀ ਹੈ।

ਜੀਵਨ ਦੀ ਰਵਾਨੀ ਚਾਲੂ ਰੱਖਣ ਲਈ, ਜਿਵੇਂ ਪਹਿਲੇ ਦੱਸਿਆ ਹੈ, ਧਰਮ ਦਾ ਬੀਜਣਾ ਤੇ ਬੁਰਾਈ ਦੇ ਅੜਿੱਕੇ ਨੂੰ ਦੂਰ ਕਰਨਾ ਦੋਵੇਂ ਹੀ ਕੰਮ ਇਕੱਠੇ ਕਰਨੇ ਜ਼ਰੂਰੀ ਹਨ। ਇਸ ਲਈ ਮੀਰੀ ਤੇ ਪੀਰੀ ਦਾ ਜੋੜ, ਬੁਰਾਈ ਨੂੰ ਦੂਰ ਕਰਨ ਤੇ ਚੰਗਿਆਈ ਨੂੰ ਬੀਜਣ ਦੀ ਦੂਹਰੀ ਚੁਣੌਤੀ ਦਾ ਹੀ ਜ਼ਾਹਿਰਾ ਰੂਪ ਹੈ।

ਮੀਰੀ ਤੇ ਪੀਰੀ ਦੇ ਪਹਿਰਾਵੇ ਤੋਂ ਜਿਥੇ ਇਹ ਗੱਲ ਸਪੱਸ਼ਟ ਰੂਪ ਵਿਚ ਪ੍ਰਗਟ ਹੁੰਦੀ ਸੀ ਕਿ ਪੀਰੀ ਯਾਨੀ ਭਗਤੀ, ਰੂਹਾਨੀਅਤ ਤੇ ਸੰਤਪੁਣੇ ਨੂੰ ਸੰਸਾਰੀ ਸ਼ਕਤੀ-ਮੀਰੀ ਦੁਆਰਾ ਰੱਖਿਆ ਦੀ ਲੋੜ ਹੁੰਦੀ ਹੈ, ਉਥੇ ਇਹ ਵੀ ਸਪੱਸ਼ਟ ਜਾਹਿਰ ਕਰਨਾ ਸੀ ਕਿ ਪੀਰੀ ਆਪਣੇ ਆਪ ਵਿਚ ਇਕ ਮਹਾਨ ਸ਼ਕਤੀ ਹੈ ਜੋ ਮੀਰੀ ਨੂੰ ਅਗਵਾਈ ਦਿੰਦੀ ਹੈ, ਸੰਜਮ ਵਿਚ ਰੱਖਦੀ ਹੈ ਤੇ ਇਸ ਦਾ ਮਾਨਵੀ ਆਧਾਰ ਬਣਦੀ ਹੈ। ਗੁਰੂ ਹਰਿਗੋਬਿੰਦ ਜੀ ਦੇ ਦਰਬਾਰ ਦੇ ਢਾਡੀਆਂ ਨੱਥਾ ਤੇ ਅਬਦੁੱਲਾ ਨੇ ਮੀਰੀ ਤੇ ਪੀਰੀ ਦੇ ਇਸ ਸਿਧਾਂਤ ਨੂੰ ਆਪਣੀ ਵਾਰ ਵਿਚ ਇਨ੍ਹਾਂ ਸ਼ਬਦਾਂ ਵਿਚ ਅੰਕਤ ਕੀਤਾ ਹੈ -

**ਦੋ ਤਲਵਾਰੀ ਬਧੀਆਂ ਇਕ ਮੀਰ ਦੀ ਇਕ ਪੀਰ ਦੀ।**
**ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜੀਰ ਦੀ।**
**ਹਿੰਮਤ ਬਾਹਾਂ ਕੋਟ ਗੜ੍ਹ ਦਰਵਾਜਾ ਬਲਖ਼ ਬਖ਼ੀਰ ਦੀ।**
**ਨਾਲ ਸਿਪਾਹੀ ਨੀਲ ਨਲ ਮਾਰ ਦੁਸ਼ਟਾਂ ਕਹੈ ਤਗੀਰ ਦੀ।**
**ਪੱਗ ਤੇਰੀ, ਕੀ ਜਹਾਂਗੀਰ ਦੀ।**

ਮੀਰੀ ਤੇ ਪੀਰੀ ਦੇ ਇਸ ਸੰਗਮ ਨਾਲ ਜਿਥੇ ਉਨ੍ਹਾਂ ਵਿਚ ਅਥਾਹ ਸ਼ਕਤੀ ਕਰੋੜਾਂ ਕਿਲ੍ਹਿਆਂ ਦੀ ਸੈਨਾ ਜਿੰਨੀ ਹਿੰਮਤ ਆ ਗਈ, ਉਥੇ ਆਪਣੇ ਪਿਆਰ ਤੇ ਸੰਤ ਸੁਭਾਓ ਤੋਂ ਉਸਰੇ ਮਾਨਵੀ ਆਧਾਰ ਯਾਨੀ ਪੀਰੀ ਕਰਕੇ ਦੂਰ ਦਰਾਜ਼ ਦੇ, ਬਲਖ ਬੁਖਾਰੇ ਤੱਕ ਦੇ ਲੋਕਾਂ ਦੇ ਦਿਲਾਂ ਉਤੇ ਗੁਰੂ ਹਰਿਗੋਬਿੰਦ ਜੀ ਰਾਜ ਕਰਦੇ ਸਨ। ਫਿਰ ਇਸ ਦਾ ਇਕ ਮਹਾਨ ਗੁਣ ਇਹ ਸੀ ਕਿ ਜਿਥੇ ਉਹ ਦੁਸ਼ਟ

ਨੂੰ ਪਾਇਮਾਲ ਕਰਦੇ, ਉਥੇ ਉਸ ਦੀ ਕਾਇਆ ਕਲਪ ਵੀ ਕਰਦੇ। ਉਸ ਵਿਚ ਬਦੀ ਤੇ ਦੁਸ਼ਟਤਾ ਦੀ ਅੰਸ਼ ਨੂੰ ਖਤਮ ਕਰਕੇ, ਉਸ ਨੂੰ ਨੇਕੀ ਦੇ ਰਾਹ ਤੋਰਦੇ। ਉਨ੍ਹਾਂ ਉੱਤੇ ਹਮਲਾ ਕਰਨ ਆਇਆ ਪੈਂਦੇ ਖਾਨ, ਜਦ ਗੁਰੂ ਜੀ ਦੇ ਵਾਰ ਨਾਲ ਜ਼ਖ਼ਮੀ ਹੋ ਕੇ ਧੁੱਪ ਵਿਚ ਤੜਫ ਰਿਹਾ ਸੀ, ਉਨ੍ਹਾਂ ਨੇ ਉਸ ਦੇ ਸਿਰ ਉੱਤੇ ਆਪਣੀ ਢਾਲ ਨਾਲ ਛਾਂ ਕਰਕੇ ਉਸ ਨੂੰ ਰਾਹਤ ਪਹੁੰਚਾਈ। ਵੈਰੀ ਨੂੰ ਵੀ ਮੀਤ ਸਮਾਨ ਸਮਝਣਾ ਮੀਰੀ ਤੇ ਪੀਰੀ ਦੇ ਜੋੜ ਦਾ ਹੀ ਕਮਾਲ ਸੀ। ਮੀਰੀ ਦੇ ਨਾਲ ਨਾਲ ਪੀਰੀ ਦੇ ਮਾਨਵੀ ਤੇ ਸਦਭਾਵਨਾ ਦੇ ਲਕਸ਼ਾਂ ਕਰਕੇ ਹੀ ਉਨ੍ਹਾਂ ਦੀ ਸਰਵ ਮਾਨਤਾ ਤੇ ਉਨ੍ਹਾਂ ਦੀ ਸ਼ਾਨ ਦੇ ਸਾਹਮਣੇ, ਇਕੱਲੀ ਮੀਰੀ ਤੇ ਰਾਜਸੀ ਸ਼ਕਤੀ ਨਾਲ ਹਕੂਮਤ ਕਰਨ ਤੇ ਹੱਦ ਦਰਜੇ ਦੇ ਜ਼ਾਲਮ ਤੇ ਲਾਈਲੱਗ ਬਾਦਸ਼ਾਹ ਜਹਾਂਗੀਰ ਦੀ ਸ਼ਾਨ ਤੁੱਛ ਸੀ। ਉਸ ਦੇ ਦਰਬਾਰ ਵਿਚ ਆਏ ਅੰਗਰੇਜ਼ ਸਫੀਰ ਸਰ ਟਾਮਸ ਰੋ ਦਾ ਕਥਨ ਹੈ ਕਿ ਜਹਾਂਗੀਰ ਦੇ ਲਾਈਲੱਗ, ਜ਼ਾਲਮ ਤੇ ਇਨਸਾਫ ਤੋਂ ਸੱਖਣੇ ਹੋਣ ਦਾ ਪ੍ਰਮਾਣ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਹੀ ਮਿਲ ਜਾਂਦਾ ਹੈ। ਦਇਆ ਤੇ ਖਿਮਾ ਦੇ ਦੈਵੀ ਗੁਣਾਂ, ਜੋ ਪੀਰੀ ਦਾ ਲਕਸ਼ ਹਨ, ਤੋਂ ਬਿਨਾਂ ਰਾਜ ਸੱਤਿਆ ਜ਼ੁਲਮ ਤੇ ਅਤੰਕ ਬਣ ਜਾਂਦੀ ਹੈ, ਜਿਸ ਕਰਕੇ ਡਰਾਵਾ ਤਾਂ ਪੈਦਾ ਹੁੰਦਾ ਹੈ, ਪਰ ਪਿਆਰ ਨਹੀਂ, ਬਦੀ ਤਾਂ ਵਸਦੀ ਹੈ ਪਰ ਮਾਨਤਾ ਮਰਦੀ ਹੈ, ਧਰਮ ਸੁੰਗੜਦਾ ਹੈ। ਜਿਥੇ ਮੀਰੀ ਦੇ ਨਾਲ ਪੀਰੀ ਜੁੜੀ ਹੋਣ ਕਰਕੇ ਉਨ੍ਹਾਂ ਦੀ ਸ਼ਾਹਾਂ ਵਿਚ ਉਚੀ ਸ਼ਾਨ ਸੀ, ਉਥੇ ਪੀਰੀ ਦੇ ਨਾਲ ਮੀਰੀ ਜੁੜੀ ਹੋਣ ਕਰਕੇ ਭਾਈ ਗੁਰਦਾਸ ਜੀ ਉਨ੍ਹਾਂ ਨੂੰ "ਗੁਰੁ ਭਾਰੀ" ਲਿਖਦੇ ਹਨ। ਚੂੰਕਿ ਮਨੁੱਖ ਉਦੇਸ਼ ਪੀਰੀ ਹੈ, ਮੀਰੀ ਇਸ ਦੀ ਰੱਖਿਆ ਤੇ ਸਹਾਇਤਾ ਕਰਕੇ ਹੀ ਹੈ, ਇਸ ਲਈ ਮੀਰੀ ਨੂੰ ਹਮੇਸ਼ਾ ਪੀਰੀ ਦੀ ਅਗਵਾਈ ਹੇਠਾਂ ਰੱਖਣ ਦੇ ਪ੍ਰਤੀਕ ਵਜੋਂ ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖਤ ਦਾ ਮੂੰਹ ਹਰਿਮੰਦਰ ਵੱਲ ਰੱਖਿਆ, ਜੋ ਰੂਹਾਨੀਅਤ, ਨੇਕੀ, ਦਇਆ, ਧਰਮ, ਸਾਂਝੀਵਾਲਤਾ ਤੇ ਮਨੁੱਖੀ ਬਰਾਬਰੀ ਦਾ ਪ੍ਰਤੀਕ ਹੈ ਤੇ ਹਰਿ ਪ੍ਰਭ ਦੇ ਨਿਵਾਸ ਦਾ ਪ੍ਰਤੀਕ ਹੈ। ਇਸ ਦਾ ਭਾਵ ਇਹ ਸੀ ਕਿ ਅਕਾਲ ਤਖਤ ਤੋਂ ਨਿਕਲਣ ਵਾਲੇ ਸਾਰੇ ਹੁਕਮ ਹਰਿ ਪ੍ਰਭੂ ਪਰਮਾਤਮਾ ਨੂੰ ਧਿਆਨ ਵਿਚ ਰੱਖ ਕੇ ਹੀ ਜਾਰੀ ਕੀਤੇ ਜਾਣ ਜੋ ਸਾਰੀ ਮਨੁੱਖਤਾ ਦੀ ਬਿਹਤਰੀ ਲਈ ਹੋਣ, ਆਤਮਾ ਦੀ ਆਜ਼ਾਦੀ ਲਈ ਹੋਣ।

ਮੀਰ ਵਜੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ਼ਾਹੀ ਠਾਠ-ਬਾਠ ਰੱਖਣਾ ਸ਼ੁਰੂ ਕੀਤਾ ਅਤੇ ਸਿਰ ਉਤੇ ਕਲਗੀ ਤੇ ਹੱਥ ਉਤੇ ਬਾਜ਼ ਸਜਾ ਲਿਆ, ਦਰਬਾਰ ਅਕਾਲ ਤਖਤ ਉਤੇ ਬੈਠ ਕੇ ਲਗਾਂਦੇ, ਲੋਕਾਂ ਦੀਆਂ ਮਾਨਸਕ ਤੇ ਦੁਨਿਆਵੀ ਸਮੱਸਿਆਵਾਂ ਦਾ ਫੈਸਲਾ ਵੀ ਕਰਦੇ, ਜਿਸ ਕਰਕੇ ਆਪ ਸੱਚੇ ਪਾਤਸ਼ਾਹ ਅਖਵਾਂਦੇ। ਘੋੜੇ ਦੀ ਸਵਾਰੀ ਕਰਦੇ ਤੇ ਅਕਸਰ ਸ਼ਿਕਾਰ ਖੇਡਣ ਵੀ ਜਾਂਦੇ। ਇਹ ਸਾਰੇ ਹੀ ਉਸ ਸਮੇਂ ਦੁਨਿਆਵੀ ਸ਼ਕਤੀ ਤੇ ਮੀਰੀ ਦੇ ਠਾਠ ਦੇ ਪ੍ਰਤੀਕ ਸਨ। ਪੀਰ ਵਜੋਂ ਉਹ ਹਰ ਰੋਜ਼ ਸੰਗਤ ਵਿਚ ਬੈਠਦੇ, ਕਥਾ ਕੀਰਤਨ ਸੁਣਦੇ ਤੇ ਸੰਗਤਾਂ ਨੂੰ ਧਾਰਮਿਕ ਉਪਦੇਸ਼ ਵੀ ਦਿੰਦੇ। ਜਦੋਂ ਲਾਹੌਰ ਤੇ ਫਿਰ ਸ੍ਰੀ ਨਗਰ ਵਿਚ ਗਿਲਟੀ ਤਾਪ ਦੀ ਬੀਮਾਰੀ ਵਬਾ ਦੇ ਰੂਪ ਵਿਚ ਫੈਲੀ ਤਾਂ ਆਪ ਬੀਮਾਰਾਂ ਤੇ ਦੁਖੀਆਂ ਦੀ ਸੇਵਾ ਕਰਦੇ ਰਹੇ। ਉਨ੍ਹਾਂ ਟੱਬਰਾਂ ਨੂੰ ਜਿਨ੍ਹਾਂ ਦਾ ਕੋਈ ਜੀਅ ਇਸ ਵਬਾ ਨਾਲ ਪੂਰਾ ਹੋ ਜਾਂਦਾ, ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਧੀਰਜ ਤੇ ਦਿਲਾਸਾ ਦਿੰਦੇ, ਭਾਣੇ ਉਤੇ ਭਰੋਸਾ ਕਰਨ ਦੀ ਢਾਰਸ ਬੰਨ੍ਹਾਂਦੇ। ਪੈਂਦੇ ਖਾਨ ਦੇ ਸਿਰ ਉਤੇ ਆਪਣੀ ਢਾਲ ਨਾਲ ਛਾਂ ਕਰਨਾ ਇਨ੍ਹਾਂ ਦੀ ਦਇਆ ਤੇ ਖਿਮਾ ਦਾ ਐਸਾ ਪ੍ਰਮਾਣ ਹੈ ਜੋ ਸੰਤ ਤੇ ਭਗਤ ਦੇ ਆਚਰਣ ਦੀ ਸਿਖਰ ਹੈ। ਇਸ ਤਰ੍ਹਾਂ ਉਹ 'ਵਡ ਜੋਧਾ' ਤੇ 'ਬਹੁ ਪਰਉਪਕਾਰੀ' ਵੀ ਸਨ।

ਉਹ ਲੋਕ ਜਿਨ੍ਹਾਂ ਨੇ ਜ਼ੁਲਮ ਅਤਿਆਚਾਰ ਤੇ ਅਨਿਆਂ ਦੇ ਜ਼ਮਾਨੇ ਵਿਚ ਆਪਣੇ ਸ੍ਵੈਮਾਨ ਤੇ ਇੱਜ਼ਤ ਨੂੰ ਬਚਾਉਣ ਦਾ ਤਹੱਈਆ ਕਰ ਲਿਆ ਸੀ, ਅਗਵਾਈ ਲਈ ਇਨ੍ਹਾਂ ਦੀ ਸ਼ਰਨ ਵਿਚ ਇਕੱਠੇ ਹੋਣ ਲੱਗੇ। ਗੁਰੂ ਜੀ ਨੇ ਆਪਣੇ ਸੇਵਕਾਂ ਤੇ ਸ਼ਰਧਾਲੂਆਂ ਨੂੰ ਇਹ ਆਦੇਸ਼ ਦਿੱਤਾ ਹੋਇਆ ਸੀ ਕਿ ਜਦ ਉਹ ਦਰਸ਼ਨਾਂ ਲਈ ਆਉਣ, ਉਹਚੰਗੇ ਹਥਿਆਰ ਤੇ ਵਧੀਆ ਘੋੜੇ ਨਜ਼ਰਾਨੇ ਵਜੋਂ ਲਿਆਉਣ। ਚੰਗੇ ਸਿਹਤਮੰਦ ਜੁਆਨ, ਜੋ ਹਥਿਆਰ ਚਲਾ ਸਕਣ ਉਹ ਵੀ ਆਪ ਕੋਲ ਇਕੱਠੇ ਹੋ ਗਏ, ਜਿਨ੍ਹਾਂ ਨੂੰ ਹਥਿਆਰ ਚਲਾਣ ਦੀ ਖੁਦ ਸਿਖਲਾਈ ਦਿੰਦੇ। ਕਾਬਲ ਤੋਂ ਵਧੀਆ ਨਸਲ ਦੇ ਘੋੜੇ ਵੀ ਮੰਗਵਾਂਦੇ। ਇਸ ਤਰ੍ਹਾਂ ਆਪ ਨੇ ਸੱਤ ਸੌ ਘੋੜ ਸਵਾਰਾਂ ਤੇ ਕੁਝ ਹਜ਼ਾਰ ਸਿਪਾਹੀਆਂ ਦੀ ਸੈਨਾ ਬਣਾ ਲਈ। ਸ਼ਾਹੀ ਫੌਜਾਂ ਨਾਲ ਆਪ ਦੀਆਂ ਚਾਰ ਲੜਾਈਆਂ ਹੋਈਆਂ ਤੇ ਇਨ੍ਹਾਂ ਚਾਰਾਂ ਵਿਚ ਹੀ ਆਪ ਦੀਆਂ ਫੌਜਾਂ ਨੇ ਸ਼ਾਹੀ ਫੌਜਾਂ ਨੂੰ ਪ੍ਰਾਜਤ ਕੀਤਾ। ਇਹ ਖਿਆਲ ਰਹੇ ਕਿ ਇਨ੍ਹਾਂ ਲੜਾਈਆਂ ਦਾ ਮੰਤਵ ਕੋਈ ਇਲਾਕਾ ਫਤਹ ਕਰਕੇ ਉਸ ਉਤੇ ਆਪਣਾ ਰਾਜ ਸਥਾਪਤ ਕਰਨਾ ਨਹੀਂ ਸੀ ਬਲਕਿ ਇਨ੍ਹਾਂ ਦਾ ਮੰਤਵ ਤਾਂ ਕੇਵਲ ਵਕਤ ਦੀ ਜਾਬਰ ਸਰਕਾਰ ਦੀਆਂ ਅੱਖਾਂ ਖੋਲ੍ਹਣਾ ਤੇ ਉਸ ਨੂੰ ਸਮਝਾਉਣਾ ਸੀ ਕਿ ਹੁਣ ਜਨਤਾ ਜਾਗ ਚੁੱਕੀ ਹੈ, ਆਪਣੇ ਹੱਕਾਂ, ਖਾਸ ਤੌਰ 'ਤੇ ਜਾਨ, ਮਾਲ ਤੇ ਇੱਜ਼ਤ-ਮਾਨ ਦੀ ਰਾਖੀ ਲਈ ਪੂਰੀ ਤਰ੍ਹਾਂ ਸੁਚੇਤ ਤੇ ਤੱਤਪਰ ਹੈ, ਹੁਣ ਉਹ ਕਿਸੇ ਤਰ੍ਹਾਂ ਵੀ ਮਾਰ-ਧਾੜ ਤੇ ਅਨਿਆਂ ਨੂੰ ਚੁੱਪ-ਚਾਪ ਸਹਿਣ ਨਹੀਂ ਕਰੇਗੀ, ਉਹ ਜ਼ਾਲਮ ਹਤਿਆਰਿਆਂ ਨੂੰ ਮੂੰਹ-ਤੋੜ ਜੁਆਬ ਦੇਣ ਲਈ ਪੂਰੀ ਤਰ੍ਹਾਂ ਸਮਰੱਥ ਹੋ ਗਈ ਹੈ ਤੇ ਲੋੜ ਪੈਣ ਉਤੇ ਇਸ ਤੋਂ ਗੁਰੇਜ਼ ਨਹੀਂ ਕਰੇਗੀ।

ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ, ਮਹਾਰਾਸ਼ਟਰ ਦੇ ਸੰਤ ਸਮਰੱਥ ਰਾਮਦਾਸ ਦੀ ਗੜ੍ਹਵਾਲ ਦੇ ਇਲਾਕੇ ਦੀ ਫੇਰੀ ਸਮੇਂ ਗੁਰੂ ਹਰਿਗੋਬਿੰਦ ਜੀ ਨਾਲ ਹੋਈ ਮੁਲਾਕਾਤ ਦੀ ਜੋ ਵਿਥਿਆ ਦੱਸੀ ਹੈ ਉਹ ਇਸ ਸੰਬੰਧ ਵਿਚ ਖਾਸ ਮਹੱਤਵ ਰੱਖਦੀ ਹੈ। ਇਸ ਮੁਲਾਕਾਤ ਦੌਰਾਨ ਸਮਰੱਥ ਰਾਮਦਾਸ ਨੇ ਗੁਰੂ ਜੀ ਨੂੰ ਕਿਹਾ, "ਮੈਂ ਸੁਣਿਆ ਹੈ ਤੁਸੀਂ ਗੁਰੂ ਨਾਨਕ ਦੇਵ ਜੀ ਦੀ ਗੱਦੀ 'ਤੇ ਬਿਰਾਜਮਾਨ ਹੋ, ਉਹ ਤਾਂ ਫਕੀਰ ਸਨ, ਪ੍ਰੰਤੂ ਤੁਸੀਂ? ਫਕੀਰੀ ਕੀ ਤੇ ਸ਼ਾਹੀ ਠਾਠ ਕੀ?" ਗੁਰੂ ਜੀ ਨੇ ਉੱਤਰ ਦਿੱਤਾ "ਜਾਹਿਰ ਮੀਰੀ, ਬਾਤਨ ਫ਼ਕੀਰੀ।" ਫਿਰ ਜਦ ਉਸ ਨੇ ਗੁਰੂ ਜੀ ਤੋਂ ਦੋ ਤਲਵਾਰਾਂ ਬਾਰੇ ਪੁੱਛਿਆ ਤਾਂ ਗੁਰੂ ਜੀ ਨੇ ਸਮਝਾਇਆ, "ਗਰੀਬ ਕੀ ਰੱਖਿਆ ਤੇ ਜਰਵਾਣੇ ਕੀ ਭਖਿਆ।" ਭਾਵ ਦੀਨ ਦੁਖੀ ਤੇ ਮਜ਼ਲੂਮ ਦੀ ਰੱਖਿਆ ਤੇ ਜ਼ੁਲਮ ਤੇ ਅਤਿਆਚਾਰ ਦਾ ਨਾਸ, ਇਨ੍ਹਾਂ ਤਲਵਾਰਾਂ ਦਾ ਦੂਹਰਾ ਮੰਤਵ ਹੈ। ਇਸ ਵਾਰਤਾ ਨਾਲ ਸਮਰੱਥ ਰਾਮਦਾਸ ਇੰਨਾ ਪ੍ਰਭਾਵਤ ਹੋਇਆ ਕਿ ਉ ਨੇ ਕਿਹਾ, "ਯਹ ਬਾਤ ਮੁਝੇ ਭਾਵਤੀ ਹੈ।"

ਇਸ ਸਮਰੱਥ ਰਾਮਦਾਸ ਨੇ ਬਾਅਦ ਵਿਚ ਮਹਾਰਾਸ਼ਟਰ ਦੇ ਪ੍ਰਸਿੱਧ ਬੀਰ ਜੋਧੇ ਸ਼ਿਵਾ ਜੀ ਮਰਹੱਟਾ ਨੂੰ ਇਸ ਲੀਹ ਉਤੇ ਪਾਇਆ ਤੇ ਉਸ ਨੇ ਦੇਸ਼ ਵਿਚ ਮੁਗਲ ਹਕੂਮਤ ਵੱਲੋਂ ਹਿੰਦੂਆਂ ਉਤੇ ਹੋ ਰਹੇ ਅਤਿਆਚਾਰ ਤੇ ਉਨ੍ਹਾਂ ਨਾਲ ਹੋ ਰਹੀ ਬੇਇਨਸਾਫ਼ੀ ਦੇ ਖਿਲਾਫ ਜੂਝਣ ਲਈ ਤਲਵਾਰ ਚੁੱਕੀ।

ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸ਼ਿਵਾ ਜੀ ਦਾ ਨਿਸ਼ਾਨਾ ਆਪਣਾ ਰਾਜ (ਹਿੰਦੂ ਰਾਜ) ਸਥਾਪਤ ਕਰਨਾ ਸੀ, ਪ੍ਰੰਤੂ ਗੁਰੂ ਜੀ ਦਾ ਐਸਾ ਕੋਈ ਨਿਸ਼ਾਨਾ ਨਹੀਂ ਸੀ। ਉਨ੍ਹਾਂ ਦਾ ਨਿਸ਼ਾਨਾ ਤਾਂ ਕੇਵਲ "ਗਰੀਬ ਕੀ ਰੱਖਿਆ ਤੇ ਜਰਵਾਣੇ ਕੀ ਭੱਖਿਆ" ਹੀ ਸੀ, ਜਿਸ ਵਿਚ ਗਰੀਬ ਕੀ ਰੱਖਿਆ ਪਹਿਲਾਂ ਤੇ ਜਰਵਾਣੇ ਕੀ ਭਖਿਆ ਬਾਅਦ ਵਿਚ ਆਉਂਦਾ ਹੈ।

# ਗੁਰਦੁਆਰੇ-ਗੁਰਧਾਮ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ

ਰੂਪ ਸਿੰਘ, ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ

## ਗੁਰਦੁਆਰਾ ਪਾਤਸ਼ਾਹੀ ਛੇਵੀਂ (ਮੁਜ਼ੰਗ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 1619ਈ. ਵਿਚ ਦੀਵਾਨ ਚੰਦੂ ਨੂੰ




ਲੈ ਕੇ ਲਾਹੌਰ ਆਏ ਤਾਂ ਇਸ ਅਸਥਾਨ ’ਤੇ ਨਿਵਾਸ ਕੀਤਾ। ਇਹ ਉਹ ਅਸਥਾਨ ਹੈ ਜਿਥੇ ਲਾਹੌਰ ਦੇ ਕਾਜ਼ੀ ਦੀ ਲੜਕੀ ਬੀਬੀ ਕੌਲਾਂ ਨੂੰ ਉਸ ਦੀ ਗੁਰੂ-ਪ੍ਰਤੀ ਸ਼ਰਧਾ ਤੇ ਪ੍ਰੀਤ ਨੂੰ ਤੱਕ ਕੇ, ਸਾਈਂ ਮੀਆਂ ਮੀਰ ਦੇ ਕਹਿਣ ’ਤੇ ਗੁਰੂ ਜੀ ਆਪਣੇ ਨਾਲ ਅੰਮ੍ਰਿਤਸਰ ਵਾਪਸੀ ਸਮੇਂ ਠਹਿਰੇ ਸਨ। ਇਹ ਅਸਥਾਨ ਮੁਜ਼ੰਗ-ਟੈਂਪਲ ਥਾਣੇ ਦੇ ਕੋਲ ਹੈ (ਹੁਣ ਮੰਦਰ ਰੋਡ ਭੁੰਡਪੁਰਾ)। ਇਸ ਯਾਤਰਾ ਸਮੇਂ ਹੀ ਗੁਰੂ ਜੀ ਨੇ ਸ਼ਹੀਦ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ-ਅਸਥਾਨ ’ਤੇ ਨਿਰਮਾਣ ਦਾ ਆਰੰਭ ਆਪਣੇ ਕਰ-ਕਮਲਾਂ ਨਾਲ ਕੀਤਾ। ਗੁਰੂ ਜੀ ਦੇ ਨਿਵਾਸ-ਅਸਥਾਨ ’ਤੇ ਮੁਜ਼ੰਗਾਂ ਵਾਲਾ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਨੇ ਬਣਵਾਇਆ। 1926ਈ. ਵਿਚ ਸਵਰਗੀ ਸ. ਮੇਹਰ ਸਿੰਘ ਦੇ ਉੱਦਮ-ਉਤਸ਼ਾਹ ਸਦਕਾ ਮੌਜੂਦਾ ਹਾਲ ਹੋਂਦ ਵਿਚ ਆਇਆ। ਰੋਜ਼ਾਨਾ ਦੀਵਾਨ ਸਜਦਾ। ਪਹਿਲਾਂ ਇਸ ਪਾਵਨ ਅਸਥਾਨ ਦਾ ਪ੍ਰਬੰਧ ਲੋਕਲ ਕਮੇਟੀ ਪਾਸ ਸੀ, ਜੋ 1927 ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਆ ਗਿਆ।

## ਗੁਰਦੁਆਰਾ ਸ਼ਿਕਾਰਗੜ੍ਹ ਪਾਤਸ਼ਾਹੀ ਛੇਵੀਂ (ਲਾਹੌਰ)

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਲਾਹੌਰ ਫੇਰੀ ਨਾਲ ਸਬੰਧਤ ਇਹ ਯਾਦਗਾਰੀ ਅਸਥਾਨ, ਫਿਰੋਜ਼ਪੁਰ ਰੋਡ ਤੋਂ ਅੱਗੇ ਹੈ। ਉਸ ਸਮੇਂ ਇਥੇ ਭਾਰੀ ਜੰਗਲ ਹੁੰਦਾ ਸੀ। ਗੁਰੂ ਹਰਿਗੋਬਿੰਦ ਪਾਤਸ਼ਾਹ ਜੀ ਨੇ ਇਥੇ ਸ਼ਿਕਾਰ ਖੇਡਿਆ। ਇਸ ਅਸਥਾਨ ਦੇ ਨਾਲ ਇਕ ਖੁਸ਼ਕ ਤਲਾਕ ਹੈ ਜੋ ਸਿੱਖ-ਦੁਸ਼ਮਣ ਲਖਪਤ ਰਾਇ ਨੇ ਬਣਾਇਆ। ਅੰਗਰੇਜ਼ਾਂ ਦੇ ਸਮੇਂ ਭਾਈ ਮਲ ਰਾਏ ਜੀ ਨੇ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ। ਪਿਛੋਂ ਇਹ ਗੁਰਦੁਆਰਾ ਸਿੰਘ ਸਭਾ ਦੇ ਪ੍ਰਬੰਧ ਵਿਚ ਆ ਗਿਆ। ਗੁਰਦੁਆਰਾ ਕਮੇਟੀ ਦਾ ਖ਼ਿਆਲ ਸੀ ਕਿ ਇਸ ਜਗ੍ਹਾ ਦੇ ਨਾਲ ਬੱਚੀਆਂ ਦੀ ਉੱਚ-ਵਿੱਦਿਆ ਲਈ ਕਾਲਜ ਬਣਾਇਆ ਜਾਵੇ ਪਰ ਮਨ ਦੀਆਂ ਮਨ ਵਿਚ ਹੀ ਰਹਿ ਗਈਆਂ, ਜਦ ਦੇਸ਼-ਵੰਡ ਸਮੇਂ ਇਸ ਅਸਥਾਨ ਨੂੰ ਛੱਡਣਾ ਪਿਆ।

## ਗੁਰਦੁਆਰਾ ਪਾਤਸ਼ਾਹੀ ਛੇਵੀਂ (ਚੁਮਾਲ੍ਹਾ)


ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਇਹ ਪਾਵਨ ਅਸਥਾਨ, ਭਾਟੀ ਦਰਵਾਜ਼ੇ ਦੇ ਅੰਦਰ ਚੁਮਾਲ੍ਹਾ ਮੁਹੱਲੇ ਵਿਚ ਹੈ। ਲਾਹੌਰ ਦੀਆਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰ ਗੁਰੂ ਜੀ ਲਾਹੌਰ ਪਹੁੰਚੇ ਅਤੇ ਪ੍ਰੇਮੀ ਸਿੱਖ ‘ਭਾਈ ਜੀਵਨ’ ਦੇ ਘਰ ਨਿਵਾਸ ਕੀਤਾ। ਤਿੰਨ ਦਿਨ ਸੰਗਤਾਂ ਨੂੰ ਦਰਸ਼ਨ ਦੇ ਕੇ ਅੰਮ੍ਰਿਤ ਬਚਨਾਂ ਦੁਆਰਾ ਨਿਹਾਲ ਕੀਤਾ। ਭਾਈ ਜੀਵਨ ਨੇ ਗੁਰੂ ਜੀ ਦੀ ਆਮਦ ਦੀ ਖੁਸ਼ੀ ਵਿਚ ਆਪਣੇ ਘਰ ਨੂੰ ਗੁਰਦੁਆਰਾ



ਬਣਾ ਦਿੱਤਾ। ਭਾਈ ਬਿਧੀ ਚੰਦ ਜੀ ਜਦ ਗੁਰੂ-ਦਰਬਾਰ ਦੇ ਘੋੜੇ ਲੈਣ ਦੋ ਵਾਰ ਲਾਹੌਰ ਆਏ ਤਾਂ ਉਹ ਵੀ ਇਥੇ ਹੀ ਟਿਕੇ। ਇਸ ਅਸਥਾਨ ਦੀ ਸੇਵਾ-ਸੰਭਾਲ ਮਹੰਤਾਂ ਪਾਸ ਰਹੀ। 1915 ਈ. ਵਿਚ ਗੁਰਦੁਆਰੇ ਦੇ ਹਾਲ ਦਾ ਵਿਸਥਾਰ ਕੀਤਾ ਗਿਆ। ਕੁਝ ਸਮੇਂ ਪਿਛੋਂ ਮਹੰਤ ਹਰੀ ਸਿੰਘ ਗੁਰਦੁਆਰੇ ਵਿਚ ਮਨਮਤ ਕਰਨ ਲੱਗ ਪਿਆ। 1921 ਈ. ਵਿਚ ਇਸ ਗੁਰਦੁਆਰੇ ਦਾ ਪ੍ਰਬੰਧ ਸਿੱਖ ਸੰਗਤਾਂ ਨੇ ਆਪਣੇ ਹੱਥਾਂ ਵਿਚ ਲਿਆ। ਪਹਿਲਾਂ ਲੋਕਲ ਕਮੇਟੀ ਪ੍ਰਬੰਧ ਕਰਦੀ ਸੀ। 1927 ਈ. ਵਿਚ ਇਹ ਗੁਰਦੁਆਰਾ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿਚ ਆ ਗਿਆ। ਦੇਸ਼ ਦੀ ਵੰਡ ਸਮੇਂ ਇਸ ਗੁਰਦੁਆਰੇ ਦੀ ਪਵਿੱਤਰਤਾ ਨੂੰ ਕਾਇਮ ਰੱਖਦੇ ਹੋਏ ਬਹੁਤ ਸਾਰੇ ਸਿੰਘ ਸ਼ਹੀਦੀ ਜਾਮ ਪੀ ਗਏ।

# ਗੁਰੂ ਨਾਨਕ ਦੇਵ ਜੀ ਦੀ ਬਾਣੀ

ਪ੍ਰੋ. ਸਾਹਿਬ ਸਿੰਘ




ਭਗਤ ਨਾਮਦੇਵ ਜੀ ਨੇ ਇਕ ਵਾਰੀ ਇਕ ਸ਼ਬਦ ਰਾਹੀਂ ਇਕ ਪੰਡਤ ਨੂੰ ਸੰਬੋਧਨ ਕਰ ਕੇ ਆਖਿਆ, "ਹੇ ਪੰਡਿਤ! ਤੇਰੀ ਸਾਰੀ ਉਮਰ ਬੀਠਲ ਦੀ ਪੂਜਾ ਕਰਦਿਆਂ ਲੰਘ ਗਈ; ਤੂੰ ਹੈਂ ਭੀ ਉੱਚੀ ਜਾਤਿ ਦਾ; ਫਿਰ ਭੀ ਤੈਨੂੰ ਅਜੇ ਤੱਕ ਬੀਠਲ ਦਾ ਦਰਸ਼ਨ ਨਹੀਂ ਹੋ ਸਕਿਆ। ਤੈਨੂੰ ਕੁਝ ਪਤਾ ਭੀ ਹੈ ਕਿ ਇਸ ਦਾ ਕੀ ਕਾਰਨ ਹੈ? ਆ ਮੈਂ ਤੈਨੂੰ ਦੱਸਾਂ। ਵੇਖ, ਤੂੰ ਗਾਇਤ੍ਰੀ ਦਾ ਪਾਠ ਕਰਦਾ ਹੈਂ, ਆਪਣੇ ਆਤਮ-ਉਧਾਰ ਵਾਸਤੇ। ਪਰ ਉਸੇ ਗਾਇਤ੍ਰੀ ਬਾਰੇ ਤੂੰ ਇਕ ਅਸ਼ਰਧਾ ਭਰੀ ਕਹਾਣੀ ਘੜੀ ਹੋਈ ਹੈ ਕਿ ਇਹ ਸਰਾਪ ਦੇ ਕਾਰਨ ਗਊ ਬਣ ਗਈ ਸੀ ਤੇ ਇਕ ਜੱਟ ਦੀ ਪੈਲਾ ਪੈ ਕੇ ਇਕ ਟੰਗ ਤੁੜਾ ਬੈਠੀ ਸੀ। ਜਿਸ ਬਾਣੀ ਦਾ ਤੂੰ ਪੱਲਾ ਫੜਿਆ, ਉਸ ਵਿਚ ਤੂੰ ਸ਼ਰਧਾ ਵੀ ਨਹੀਂ ਬਣਾਈ। ਫਿਰ ਤੇਰਾ ਬਣੇ ਕੀ?"

ਨਾਮਦੇਵ ਜੀ ਦਾ ਇਹ ਸ਼ਬਦ ਗੌਂਡ ਰਾਗ ਵਿਚ ਹੈ। ਇਸ ਸਾਰੇ ਸ਼ਬਦ ਉੱਤੇ ਭਗਤ-ਬਾਣੀ ਸਟੀਕ ਵਿਚ ਖੁੱਲ੍ਹੀ ਵਿਚਾਰ ਕੀਤੀ ਗਈ ਹੈ। ਇਥੇ ਅਸਾਂ ਸਿਰਫ਼ ਗਾਇਤ੍ਰੀ ਵਾਲਾ ਅੰਗ ਹੀ ਲੈਣਾ ਹੈ।

ਬਾਣੀ ਦਾ ਪ੍ਰਚਾਰ ਕਰਨ ਦੀ ਖ਼ਾਤਰ ਕਈ ਸੱਜਣਾਂ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਕੁਝ ਸ਼ਬਦ ਵੱਖਰੇ ਲੈ ਕੇ ਗੁਟਕਿਆਂ ਦੀ ਸ਼ਕਲ ਵਿਚ ਛਾਪੇ ਹੋਏ ਹਨ। ਇਹ ਉੱਦਮ ਬੜਾ ਸਲਾਹੁਣ-ਯੋਗ ਹੈ। ਇਹ ਤਰੀਕਾ ਨਾ ਵਰਤਿਆ ਜਾਂਦਾ, ਤਾਂ ਸ਼ਬਦ ਜ਼ਬਾਨੀ ਯਾਦ ਕਰਨ ਵਿਚ ਬੜੀ ਔਖਿਆਈ ਹੁੰਦੀ। ਹਰ ਵੇਲੇ ਗੁਰੂ ਗ੍ਰੰਥ ਸਾਹਿਬ ਤੋਂ ਵੇਖ ਕੇ ਯਾਦ ਨਹੀਂ ਕੀਤੇ ਜਾ ਸਕਦੇ।

ਪਰ ਇਹਨਾਂ ਗੁਟਕਿਆਂ ਵਿਚ ਕਈ 'ਸ਼ਬਦ' (?) ਐਸੇ ਹਨ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ; ਜਿਵੇਂ ਕਿ:

(1) **'ਜਿਤ ਦਰਿ ਲਖ ਮੁਹੰਮਦਾ ਲਖ ਬ੍ਰਹਮੇ ਬਿਸ਼ਨ ਮਹੇਸ਼।'**

(2) **'ਏਸ ਕਲੀਓਂ ਪੰਜ ਭੀਤੀਓਂ ਮੈਂ ਕੀਕਰਿ ਕਢਾਂ ਸ਼ਤਿ।'**

ਗੁਟਕਿਆਂ ਵਿਚ ਇਹ ਦੋਵੇਂ ਸ਼ਬਦ ਗੁਰੂ ਨਾਨਕ ਸਾਹਿਬ ਦੇ ਦੱਸੇ ਜਾ ਰਹੇ ਹਨ।

ਜਪੁ ਜੀ, ਆਸਾ ਦੀ ਵਾਰ, ਸੁਖਮਨੀ ਆਦਿਕ ਲੰਮੀਆਂ ਬਾਣੀਆਂ ਦੇ ਗੁਟਕੇ ਭੀ ਬਾਣੀ ਦੇ ਪ੍ਰੇਮੀਆਂ ਦੀ ਸਹੂਲਤ ਖ਼ਾਤਰ ਛਪੇ ਹੋਏ ਮਿਲਦੇ ਹਨ। ਇਹ ਉੱਦਮ ਭੀ ਵਡਿਆਣ-ਯੋਗ ਹੈ। ਇਹਨਾਂ ਗੁਟਕਿਆਂ ਤੋਂ ਬਿਨਾਂ ਲੰਮੀਆਂ ਬਾਣੀਆਂ ਕੰਠ ਕਰਨਾ ਬੜਾ ਔਖਾ ਹੋ ਜਾਂਦਾ, ਪਰ ਇਹਨਾਂ ਗੁਟਕਿਆਂ ਦੇ ਅਖ਼ੀਰ 'ਤੇ ਭੀ ਦੋ 'ਬਾਣੀਆਂ' (?) ਮਿਲਦੀਆਂ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਹਨ। ਗੁਟਕੇ ਦੱਸਦੇ ਹਨ ਕਿ ਇਹ ਬਾਣੀਆਂ ਭੀ ਗੁਰੂ ਨਾਨਕ ਦੇਵ ਜੀ ਦੀਆਂ ਹਨ:

(1) ਨਸੀਹਤ-ਨਾਮਾ; (2) ਪੈਂਤੀ ਅੱਖਰੀ।

ਸਾਡਾ ਇਤਿਹਾਸ ਤੀਜੀ ਹੋਰ ਗੱਲ ਦੱਸਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਕੌਮ ਦੀ ਪਕਿਆਈ ਲਈ ਸਾਰੇ ਗੁਰ-ਮਹਲਾਂ ਦੀ ਬਾਣੀ ਇਕੱਠੀ ਕਰਨ ਲੱਗੇ। ਥਾਂ-ਥਾਂ ਖਿਲਰੀ ਬਾਣੀ ਨੂੰ ਇਕੱਠੇ ਕਰਨ ਵਿਚ ਕੀ ਸਾਲ ਲੱਗ ਗਏ? ਦੱਸ ਪਈ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ 'ਪ੍ਰਾਣ ਸੰਗਲੀ' ਸੰਗਲਾਦੀਪ ਵਿਚ ਹੈ। ਇਕ ਸਿੱਖ ਨੂੰ ਭੇਜਿਓ ਨੇ। ਸੈਂਕੜੇ ਕੋਹਾਂ ਦਾ ਸਫ਼ਰ। ਜਦ ਉਹ ਲੈ ਕੇ ਆਇਆ, ਹਜ਼ੂਰ ਨੇ ਪੜ੍ਹ ਕੇ ਵੇਖੀ, ਤਾਂ ਉਹ ਨਕਲੀ ਚੀਜ਼ ਨਿਕਲੀ। ਸੋ ਸਾਡੇ ਇਤਿਹਾਸ ਅਨੁਸਾਰ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਸਲ ਪ੍ਰਾਣ ਸੰਗਲੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਾ ਹੋ ਸਕੀ।

ਇਹ ਹਨ ਸਾਡੇ ਗੁਰੂ ਗ੍ਰੰਥ ਸਾਹਿਬ ਜੀ, ਜਿਨ੍ਹਾਂ ਨੂੰ ਸਾਡੇ ਗੁਟਕੇ ਤੇ ਇਤਿਹਾਸ ਪੁਕਾਰ ਪੁਕਾਰ ਕੇ ਅਧੂਰਾ ਦੱਸ ਰਹੇ ਹਨ ਤੇ ਭਗਤ ਨਾਮਦੇਵ ਜੀ ਪਾਂਡੇ ਨੂੰ ਆਖਦੇ ਹਨ, "ਹੇ ਪਾਂਡੇ! ਗਾਇਤ੍ਰੀ ਦੇ ਪਾਠ ਰਾਹੀਂ ਤੈਨੂੰ ਬੀਠਲ ਦਾ ਦਰਸ਼ਨ ਕਿਵੇਂ ਹੋਵੇ? ਤੂੰ ਤਾਂ ਆਪ ਹੀ ਇਸ ਨੂੰ ਅਧੂਰੀ ਆਖ ਰਿਹਾ ਹੈਂ। ਤੇਰੀ ਇਸ ਵਿਚ ਪੱਕੀ ਸ਼ਰਧਾ ਕਿਵੇਂ ਬਣੇ?"

ਸਾਡਾ ਇਤਿਹਾਸ ਆਖਦਾ ਹੈ ਕਿ ਸਾਰੇ ਗੁਰੂ-ਮਹਲਾਂ ਦੀ ਬਾਣੀ ਪਹਿਲਾਂ ਥਾਂ-ਥਾਂ ਪ੍ਰੇਮੀ ਸਿੱਖਾਂ ਪਾਸ ਖਿਲਰੀ ਪਈ ਸੀ। ਇਹ ਗੁਰੂ ਅਰਜਨ ਸਾਹਿਬ ਜੀ ਸਨ, ਜਿਨ੍ਹਾਂ ਇਸ ਨੂੰ ਇਕ ਥਾਂ ਇਕੱਠੀ ਕਰਨ ਦਾ ਉਪਕਾਰ ਕੀਤਾ। ਇਹ ਸਾਖੀ ਲਿਖਣ ਵਾਲੇ ਲਿਖ ਗਏ, ਤੇ ਅਸਾਂ ਇਸ ਨੂੰ ਅਡੋਲ ਸਹੀ ਮੰਨ ਲਿਆ। ਇਹ ਸੋਚਣ ਦੀ ਖੇਚਲ ਹੀ ਨਾ ਕੀਤੀ ਕਿ ਇਹ ਕਿਤਨੇ ਕੁ ਝੰਬੇਲੇ ਖੜ੍ਹੇ ਕਰ ਦੇਵੇਗੀ, ਤੇ ਕਿਤਨੀ ਕੁ ਅਸ਼ਰਧਾ ਪੈਦਾ ਕਰੇਗੀ।

ਭਲਾ, ਸੋਚੋ ਖਾਂ! ਸਾਖੀ ਆਖਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਅਰਜਨ ਸਾਹਿਬ ਨੇ ਸਿੱਖਾਂ ਪਾਸੋਂ ਇਕੱਠੀ ਕੀਤੀ। ਪ੍ਰੇਮੀ ਸਿੱਖ ਲਿਖ ਕੇ ਆਪਣੇ ਪਾਸ ਰੱਖਦੇ ਗਏ ਸਨ। ਕਿਆ ਅਜਬ ਤਮਾਸ਼ਾ ਹੈ! ਜੇ ਕੋਈ ਸਿੱਖ ਭੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ ਲਿਖ ਕੇ ਨਾ ਰੱਖਦਾ, ਤਾਂ ਗੁਰੂ ਅਰਜਨ ਸਾਹਿਬ ਇਹਨਾਂ ਸ਼ਬਦਾਂ ਨੂੰ ਕਿਥੋਂ ਲੱਭਦੇ? ਕੀ ਜਿਸ ਪਿੰਡ ਗੁਰੂ ਨਾਨਕ ਦੇਵ ਜੀ ਜਾਂਦੇ ਸਨ, ਉਥੇ ਕੋਈ ਨਾ ਕੋਈ ਪ੍ਰੇਮੀ ਕਲਮ ਦਵਾਤ ਬੋਝੇ ਵਿਚ ਪਾ ਕੇ ਲੈ ਆਉਂਦਾ ਸੀ ਕਿ ਜਿਸ ਮਹਾਂਪੁਰਖ ਦਾ ਦਰਸ਼ਨ ਕਰਨ ਚੱਲੇ ਹਾਂ, ਉਸ ਦਾ ਕੋਈ ਪਵਿੱਤਰ ਵਾਕ ਲਿਖ ਲਵਾਂਗੇ? ਪ੍ਰੇਮੀਆਂ ਨੂੰ ਪਹਿਲਾਂ ਹੀ ਕਿਵੇਂ ਪਤਾ ਲੱਗ ਜਾਂਦਾ ਸੀ ਕਿ ਸ਼ਬਦ ਲਿਖਣ ਦੀ ਲੋੜ ਪੈ ਜਾਵੇਗੀ? ਤੇ, ਇਹ ਭੀ ਅਜਬ ਮਨੌਤ ਹੈ ਕਿ ਕਿਸੇ ਨਵੇਂ ਪਿੰਡ, ਨਗਰ, ਸ਼ਹਿਰ ਵਿਚ ਅੱਪੜਨ ਤੋਂ ਪਹਿਲਾਂ ਹੀ ਗੁਰੂ ਨਾਨਕ ਦੇਵ ਜੀ ਦੇ ਸ਼ਰਧਾਲੂ ਭੀ ਬਣ ਚੁੱਕੇ ਹੁੰਦੇ ਸਨ, ਜੋ ਉਹਨਾਂ ਦੇ ਸ਼ਬਦ ਲਿਖਣ ਲਈ ਤਿਆਰ ਬੈਠੇ ਹੁੰਦੇ ਸਨ। ਪਰ ਫਿਰ ਉਹ ਪ੍ਰੇਮੀ ਗੁਰੂ ਜੀ ਦੇ ਸ਼ਬਦਾਂ ਨੂੰ ਲਿਖਦੇ ਕਿਵੇਂ ਸਨ? ਕਾਹਲੀ ਵਿਚ ਲਿਖਦਿਆਂ ਕਈ ਗ਼ਲਤੀਆਂ ਹੋ ਜਾਂਦੀਆਂ ਹੋਣਗੀਆਂ। ਕੀ ਉਹ ਪ੍ਰੇਮੀ ਸਤਿਗੁਰੂ ਜੀ ਨੂੰ ਸੁਣਾ ਕੇ ਠੀਕ ਕਰਾ ਲੈਂਦੇ ਹੋਣਗੇ?

ਗੁਰੂ ਨਾਨਕ ਦੇਵ ਜੀ ਸਾਰੇ ਭਾਰਤ ਵਿਚ ਫਿਰੇ। ਅਰਬ, ਫ਼ਰਾਂਸ, ਅਫ਼ਗਾਨਿਸਤਾਨ ਤੇ ਤਿੱਬਤ ਵਿਚ ਭੀ ਗਏ। ਕੀ ਸਭ ਲਿਖਾਰੀਆਂ ਦੇ ਨਾਮ-ਪਤੇ ਗੁਰੂ ਅਰਜਨ ਸਾਹਿਬ ਪਾਸ ਮੌਜੂਦ ਸਨ। ਕਈ ਸ਼ਬਦ ਇਕੱਠੇ ਹੋਣੋਂ ਰਹਿ ਭੀ ਗਏ ਹੋਣਗੇ। ਤੇ ਕਈ ਚਲਾਕ ਲੋਕਾਂ ਨੇ ਨਕਲੀ ਸ਼ਬਦ ਭੀ ਬਣਾ ਭੇਜੇ ਹੋਣਗੇ।

ਪਾਠਕ ਸੱਜਣ ਜਿਉਂ-ਜਿਉਂ ਇਸ ਸਾਖੀ ਨੂੰ ਅੰਗ-ਅੰਗ ਕਰਕੇ ਨਿਖੇੜਨਗੇ, ਇਹ ਸਾਖੀ ਰੇਤ ਦੀ ਕੰਧ ਵਾਂਗ ਕਿਰ ਕਿਰ ਕੇ ਢਹਿੰਦੀ ਜਾਏਗੀ। ਇਹ ਇਕ ਲੰਮਾ ਮਜ਼ਮੂਨ ਹੈ, ਜੋ ਮੈਂ ਆਪਣੀ ਪੁਸਤਕ ਗੁਰਬਾਣੀ ਤੇ ਇਤਿਹਾਸ ਬਾਰੇ ਦੀ ਰਾਹੀਂ ਪਾਠਕਾਂ ਦੇ ਸਾਹਮਣੇ ਪੇਸ਼ ਕਰ ਚੁੱਕਾ ਹਾਂ।

ਇਥੇ ਮੈਂ ਸਿਰਫ਼ ਇਸ਼ਾਰੇ-ਮਾਤਰ ਹੀ ਇਹ ਦੱਸਣਾ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਆਪ ਹੀ ਲਿਖ ਲਿਖ ਕੇ ਆਪਣੇ ਬਸਤੇ ਵਿਚ ਪਾਈ ਜਾਂਦੇ ਸਨ। ਇਹ ਬਸਤਾ ਸਦਾ ਉਹਨਾਂ ਦੇ ਗਾਤਰੇ ਵਿਚ ਹੁੰਦਾ ਸੀ। ਉਹਨਾਂ ਦਾ ਕੋਈ ਭੀ ਸ਼ਬਦ ਐਸਾ ਨਹੀਂ, ਜੋ ਗੁਰੂ ਗ੍ਰੰਥ ਸਾਹਿਬ ਤੋਂ ਕਿਤੇ ਬਾਹਰ ਰਹਿ ਗਿਆ ਹੋਵੇ। (ਆਪਣੀ ਸਾਰੀ ਹੀ ਬਾਣੀ ਉਹਨਾਂ ਗੁਰਿਆਈ ਦੀ ਜ਼ਿੰਮੇਵਾਰੀ ਦੇਣ ਵਾਲੇ ਗੁਰੂ ਅੰਗ ਸਾਹਿਬ ਨੂੰ ਦੇ ਦਿੱਤੀ ਸੀ। ਸਿਲਸਿਲੇ-ਵਾਰ ਹਰੇਕ ਗੁਰ-ਵਿਅਕਤੀ ਤੋਂ ਲੰਘ ਕੇ ਸਾਰੀ ਬਾਣੀ ਗੁਰੂ ਅਰਜਨ ਸਾਹਿਬ ਤੱਕ ਸਹੀ ਇਤਬਾਰੀ ਰੂਪ ਵਿਚ ਅੱਪੜੀ ਸੀ।)

ਜੇ ਨਹੀਂ, ਤਾਂ ਸੋਚੋ। ਵੇਈਂ ਨਦੀ ਦੀ ਸਾਖੀ ਅਨੁਸਾਰ ਜਦੋਂ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ "ਕੋਟਿ ਕੋਟਿ ਮੇਰੀ ਆਰਜਾ" ਵਾਲੀ ਸ਼ਬਦ ਉਚਾਰਿਆ ਸੀ, ਉਹ ਸ਼ਬਦ ਉਥੇ ਕਿਸ ਨੇ ਲਿਖ ਰੱਖਿਆ ਤੇ ਗੁਰੂ ਅਰਜਨ ਸਾਹਬ ਨੇ ਕਿਥੋਂ ਮੰਗਾਇਆ? ਕਲਿਜੁਗ ਦੀ ਪਰਖ ਵੇਲੇ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੰਗਲ ਵਿਚ ਬੈਠੇ ਸਨ। ਮਰਦਾਨਾ ਕਲਿਜੁਗ ਨੂੰ ਵੇਖ ਕੇ ਥਰ-ਥਰ ਕੰਬਿਆ। ਕਲਿਜੁਗ ਨੇ ਕਈ ਲਾਲਚ ਦਿੱਤੇ। ਸਤਿਗੁਰੂ ਜੀ ਨੇ "ਮੋਤੀ ਤ ਮੰਦਰ ਊਸਰਹਿ" ਵਾਲਾ ਸ਼ਬਦ ਉਚਾਰਿਆ। ਇਹ ਸ਼ਬਦ ਤਦੋਂ ਕਿਸ ਨੇ ਲਿਖਿਆ? ਗੁਰੂ ਅਰਜਨ ਸਾਹਿਬ ਨੇ ਕਿਸ ਪਾਸੋਂ ਮੰਗਾਇਆ? ਹਜ਼ੂਰ ਮੱਕੇ ਗਏ, ਹਾਜੀਆਂ ਨਾਲ ਬਹਿਸ ਹੋਈ। ਭਾਈ ਗੁਰਦਾਸ ਜੀ ਲਿਖਦੇ ਹਨ, ਹਾਜੀ:

**ਪੁਛਨਿ ਖੋਹਲਿ ਕਿਤਾਬ ਨੂੰ,**
**ਹਿੰਦੂ ਵਡਾ ਕਿ ਮੁਸਲਮਾਨੋਈ।**

ਮੁਸਲਮਾਨ ਆਪਣੀ ਕਿਤਾਬ ਬਾਰੇ ਤਾਂ ਅੱਗੇ ਹੀ ਫੈਸਲਾ ਕਰੀ ਬੈਠੇ ਸਨ ਕਿ ਮੁਸਲਮਾਨ ਵੱਡਾ ਹੈ। ਹੁਣ ਇਹ ਹਾਜੀ ਗੁਰੂ ਨਾਨਕ ਦੇਵ ਜੀ ਦੀ ਦੀ ਰਾਏ ਮੰਗਦੇ ਸਨ ਤੇ ਆਖਦੇ ਸਨ ਕਿ ਆਪਣੀ ਕਿਤਾਬ ਖੋਲ੍ਹ ਕੇ ਤੂੰ ਸਾਨੂੰ ਆਪਣਾ ਮਤ ਸੁਣਾ। ਤਾਂ ਫਿਰ ਉਹ ਕਿਤਾਬ ਕਿਹੜੀ ਸੀ? ਉਹ ਕਿਤਾਬ ਸੀ ਗੁਰੂ ਨਾਨਕ ਪਾਤਿਸ਼ਾਹ ਦੀ ਆਪਣੀ ਬਾਣੀ ਦਾ ਸੰਗ੍ਰਹਿ, ਜੋ ਉਹਨਾਂ ਆਪ ਹੀ ਇਕੱਠਾ ਕੀਤਾ ਹੋਇਆ ਸੀ।

ਆਓ, ਸਿਦਕ ਲਿਆਵੀਏ। ਅਵੇਸਲੇ-ਪਨ ਵਿਚ ਆਪਣੇ ਦੋ ਜਹਾਨ ਦੇ ਵਾਲੀ ਉੱਤੇ ਇਹ ਗ਼ੈਰ-ਜ਼ਿੰਮੇਵਾਰੀ ਦਾ ਦੋਸ਼ ਨਾ ਥੱਪੀਏ। ਸਤਿਗੁਰੂ ਪਿਆਰਾ ਚੰਗੀ ਤਰ੍ਹਾਂ ਜਾਣਦਾ ਸੀ ਕਿ ਸਰੀਰ ਸਦਾ ਨਾਲ ਨਹੀਂ ਨਿਭਣੇ, ਤੇ ਖ਼ਲਕਤ ਨੂੰ ਸਦਾ ਹੀ ਕਿਸੇ ਰਾਹਬਰੀ ਦੀ ਲੋੜ ਪੈਂਦੀ ਰਹਿਣੀ ਹੈ। ਉਹ ਅਟੱਲ ਰਾਹਬਰੀ ਬਾਣੀ ਦੇ ਰੂਪ ਵਿਚ ਹੀ ਹੋ ਸਕਦੀ ਸੀ, ਤੇ ਆਪਣੀ ਬਾਣੀ ਸਤਿਗੁਰੂ ਜੀ ਆਪ ਹੀ ਲਿਖ ਕੇ ਸਾਂਭਦੇ ਗਏ ਸਨ।

**ਇਹ ਗੱਲ ਤਾਂ ਸਭ ਜਾਣਦੇ ਹਨ ਕਿ ਕਤਰਾ ਸਮੁੰਦਰ ਵਿਚ ਸਮਾ ਜਾਂਦਾ ਹੈ ਪਰ ਇਸ ਗੱਲ ਨੂੰ ਬਹੁਤ ਘੱਟ ਲੋਕ ਜਾਣਦੇ ਹਨ ਕਿ ਸਮੁੰਦਰ ਵੀ ਤਾਂ ਕਤਰੇ ਵਿਚ ਸਮਾਉਂਦਾ ਹੈ।**

**ਭਗਤ ਕਬੀਰ**

# ਜਿਤੁ ਪੀਤੈ ਮਤਿ ਦੂਰਿ ਹੋਇ

ਡਾ. ਇੰਦਰਜੀਤ ਗੋਗੋਆਣੀ

ਸ਼ਬਦ 'ਸ਼ਰਾਬ' ਫ਼ਾਰਸੀ ਦੇ ਦੋ ਲਫ਼ਜ਼ਾਂ 'ਸ਼ਰ' (ਸ਼ੈਤਾਨ ਜਾਂ ਸ਼ਰਾਰਤ) ਅਤੇ 'ਆਬ' (ਪਾਣੀ) ਦੇ ਮੇਲ ਤੋਂ ਬਣਿਆ ਹੈ। ਇਸ ਦਾ ਅਰਥ ਹੈ 'ਸ਼ੈਤਾਨ ਦੇ ਪੀਣ ਦਾ ਪਾਣੀ' ਜਾਂ ਉਹ ਪਾਣੀ, ਸ਼ਰਾਰਤ ਕਰਨਾ ਜਿਸ ਦਾ ਸੁਭਾ ਹੈ ਅਤੇ ਜਿਸ ਨੂੰ ਪੀ ਕੇ ਲੋਕ ਅਕਸਰ ਸ਼ੈਤਾਨੀ ਕਰਤੂਤਾਂ ਕਰ ਬੈਠਦੇ ਹਨ।

ਪੀਣ ਤੋਂ ਪੰਜ ਸੱਤ ਮਿੰਟ ਅੰਦਰ ਹੀ ਇਸ ਵਿਚਲੀ ਅਲਕੋਹਲ ਲਹੂ ਰਾਹੀਂ ਦਿਮਾਗ਼ ਵਿਚ ਪਹੁੰਚਣੀ ਸ਼ੁਰੂ ਹੋ ਜਾਂਦੀ ਹੈ, ਜਿਸ ਦੇ ਫਲਸਰੂਪ ਬੰਦਾ ਨਸ਼ਿਆ ਜਾਂਦਾ ਹੈ। ਨਸ਼ੇ ਦੀ ਸ਼ਿੱਦਤ ਲਹੂ ਵਿਚਲੀ ਅਲਕੋਹਲ-ਪੱਧਰ ਅਨੁਸਾਰ ਹੁੰਦੀ ਹੈ।

ਪਰਮਾਤਮਾ ਦੀ ਸ੍ਰਿਸ਼ਟੀ ਵਿਚ ਮਨੁੱਖ ਸਰਵ-ਸ੍ਰੇਸ਼ਟ ਪ੍ਰਾਣੀ (ਅਸ਼ਰਫ਼-ਉਲ-ਮਖ਼ਲੂਕਾਤ) ਹੈ, ਕਿਉਂਕਿ ਉਸ ਨੂੰ ਧੁਰੋਂ-ਦਰਗਾਹੋਂ ਬੁੱਧੀ ਦੀ ਦਾਤ ਮਿਲੀ ਹੈ। ਇਹ ਵੱਖੀ ਗੱਲ ਹੈ ਕਿ ਉਹ ਇਸ ਦੀ ਭਰਪੂਰ ਵਰਤੋਂ ਕਰਦਾ ਹੈ ਜਾਂ ਨਹੀਂ, ਇਸ ਨੂੰ ਵਿਕਸਿਤ ਕਰਦਾ ਹੈ ਜਾਂ ਨਹੀਂ। ਬੁੱਧੀ ਵਰਤ ਕੇ ਮਨੁੱਖ ਆਪਣੇ ਅੰਦਰ ਦੇ 'ਪਸ਼ੂ' ਨੂੰ ਲਗਾਮ ਦੇਂਦਾ ਹੈ ਅਤੇ ਜ਼ਬਤ (ਸਵੈ-ਕਾਬੂ) ਤੋਂ ਕੰਮ ਲੈ ਕੇ ਸਭਿਅ ਵਿਵਹਾਰ ਪ੍ਰਦਰਸ਼ਿਤ ਕਰਦਾ ਤੇ ਚੰਗੇ ਕਰਮ ਕਰਦਾ ਹੈ। ਬੁੱਧੀ ਦੇ ਵਿਕਾਸ ਦਾ ਸਿਖਰ ਹੀ ਬੰਦੇ ਦਾ ਉਦਾਤੀਕਰਨ ਹੈ।

ਸ਼ਰਾਬ ਦੇ ਨਸ਼ੇ ਵਿਚ ਦਿਮਾਗ਼ ਦੇ ਉਹ ਭਾਗ ਜਿਨ੍ਹਾਂ ਵਿਚ ਬੁੱਧੀ ਨਿਵਾਸ ਕਰਦੀ ਹੈ (Higher Centres of the brain) ਅਸਥਾਈ ਤੌਰ 'ਤੇ ਸ਼ਿਥਿਲ (Paralyse) ਹੋ ਜਾਂਦੇ ਹਨ। ਬੁੱਧੀ ਦਾ ਅੰਕੁਸ਼ ਹਟਣ ਕਾਰਨ ਪੀਣ ਵਾਲੇ ਦਾ ਅੰਦਰਲਾ ਪਸ਼ੂ ਬੇਮੁਹਾਰ ਹੋ ਉੱਠਦਾ ਹੈ ਅੇਤ ਉਹ ਆਪ-ਹੁਦਰੀਆਂ ਕਰਦਾ ਹੈ। ਬੇਖ਼ੁਦੀ ਤੇ ਮਸਤੀ ਛਾ ਜਾਣ ਕਾਰਨ ਬੰਦਾ ਪ੍ਰਸੰਨ ਮਹਿਸੂਸ ਕਰਦਾ ਹੈ, ਪ੍ਰੰਤੂ ਨਾਲ ਹੀ ਝੱਲ ਖਿਲਾਰਨ ਦਾ ਰੁਝਾਨ ਵੀ ਹੁੰਦਾ ਹੈ। ਸੈਨੀਕਾ (Seneca) ਅਨੁਸਾਰ "ਸ਼ਰਾਬ ਦੀ ਮਦਹੋਸ਼ੀ ਸਵੈ-ਇੱਛਿਤ ਪਾਗਲਪਣ ਤੋਂ ਸਿਵਾ ਹੋਰ ਕੁਝ ਨਹੀਂ।" ਅਜਿਹੀ ਮਨੋਦਸ਼ਾ ਉਸਾਰਣ ਲਈ ਹੀ ਤਾਂ ਲੋਕ ਸ਼ਰਾਬ ਪੀਂਦੇ ਹਨ। ਇਸ ਪੁੱਠੀ ਚਾਲ ਦਾ ਰੋਣਾ ਸ਼ੈਕਸਪੀਅਰ ਦੇ ਨਾਟਕ 'ਓਥੈਲੋ' ਵਿਚਲੇ ਇਕ ਪਾਤਰ ਨੇ ਇਨ੍ਹਾਂ ਸ਼ਬਦਾਂ ਵਿਚ ਰੋਇਆ ਹੈ।

"ਹੇ ਪਰਮਾਤਮਾ! ਲੋਕ ਚਾਈਂ-ਚਾਈਂ ਇਕ ਵੈਰੀ (ਸ਼ਰਾਬ) ਨੂੰ ਇਸ ਲਈ ਰਸਨੀ ਲਾਂਦੇ ਹਨ ਕਿ ਉਹ ਉਨ੍ਹਾਂ ਦੀ ਅਕਲ ਨੂੰ ਚੁਰਾ ਲਏ ਅਤੇ ਫਿਰ ਮੌਜ-ਮਸਤੀ ਤੇ ਹਰਸ਼-ਹੁਲਾਸ ਵਿਚ ਝੱਲੇ ਹੋ, ਉਹ ਆਪਣੇ ਆਪ ਨੂੰ ਇਕ ਪਸ਼ੂ ਵਿਚ ਬਦਲ ਸਕਣ।"

ਸ਼ਰਾਬ ਆਪਣੇ ਆਸ਼ਕ ਦੇ ਸਿਰ ਚੜ੍ਹ ਕੇ ਬੋਲਦੀ ਹੈ ਅਤੇ ਉਸ ਤੋਂ ਹਾਸੋਹੀਣੀਆਂ, ਬੇਹੂਦਾ, ਮੁਜਰਿਮਾਨਾ ਤੇ ਵਹਿਸ਼ੀਆਨਾ ਹਰਕਤਾਂ ਕਰਵਾਉਂਦੀ ਹੈ। ਸ਼ਰਾਬ ਬਦੌਲਤ ਸਿਰਜੀਆਂ ਤ੍ਰਾਸਦੀਆਂ ਤੇ ਦੁਰਘਟਨਾਵਾਂ ਆਏ ਦਿਨ ਅਖ਼ਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ।

ਨਸ਼ੇ ਵਿਚ ਲੋਕ ਅਜੀਬ ਤੇ ਪਾਗਲਾਂ ਵਾਲੀਆਂ ਹਰਕਤਾਂ ਕਰਦੇ ਹਨ। ਕਈ ਵਾਰ ਤਾਂ ਇਹ 'ਚਿੜੀਆਂ ਦੀ ਮੌਤ ਤੇ ਗੰਵਾਰਾਂ ਦਾ ਹਾਸਾ' ਹੀ ਬਣ ਜਾਂਦੀਆਂ ਹਨ।

ਪੜ੍ਹੇ ਲਿਖੇ ਇੱਜ਼ਤਦਾਰ ਵੱਡੇ ਲੋਕ ਘਰੋਂ ਬਾਹਰ ਰੱਜਵੀਂ ਸ਼ਰਾਬ ਪੀਣ ਦੀ ਗਲਤੀ ਘੱਟ ਹੀ ਕਰਦੇ ਹਨ। ਸ਼ਰਾਬ ਦੇ ਨਸ਼ੇ ਵਿਚ ਮਨ ਅੰਦਰ ਵਿਕਾਰ ਉੱਠਦੇ ਹਨ। ਚੰਗੇ-ਮੰਦੇ ਤੇ ਆਪਣੇ ਪਰਾਏ ਦੀ ਤਮੀਜ਼ ਨਹੀਂ ਰਹਿੰਦੀ ਅਤੇ ਸ਼ਰਮਨਾਕ ਘਟਨਾਵਾਂ ਵਾਪਰਦੀਆਂ ਹਨ।

ਇਸ ਸੰਦਰਭ ਵਿਚ ਸ਼ਰਾਬ ਪੀਣ ਵਾਲਿਆਂ, ਖਾਸ ਕਰਕੇ ਸਿੱਖੀ ਸਰੂਪ ਰੱਖ ਕੇ ਇਸ ਕੁਰਾਹੇ ਤੁਰਨ ਵਾਲਿਆਂ ਨੂੰ ਗੁਰਬਾਣੀ ਦੇ ਇਹ ਪਾਵਨ ਵਾਕ ਜ਼ਰੂਰ ਹੀ ਵਿਚਾਰਨੇ ਬਣਦੇ ਹਨ:

**"ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥**
**ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥**
**ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ॥**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ।"**

(ਪੰਨਾ 554)

ਸੜਕਾਂ ਅਤੇ ਹੋਰ ਥਾਵਾਂ 'ਤੇ ਜੋ ਹਾਦਸੇ ਅਤੇ ਉਨ੍ਹਾਂ ਕਾਰਨ ਮੌਤਾਂ ਹੁੰਦੀਆਂ ਹਨ, ਅੱਧਿਆਂ ਤੋਂ ਵੱਧ ਲਈ ਸ਼ਰਾਬ ਜ਼ਿੰਮੇਵਾਰ ਹੁੰਦੀ ਹੈ। ਕਿਸੇ ਦਾ ਇਰਾਦਾ-ਕਤਲ ਜਾਂ ਸੰਗੀਨ ਫ਼ੌਜਦਾਰੀ ਦਾ ਹੋਏ, ਤਾਂ ਅਕਸਰ ਉਹ ਬੁੱਧੀ ਨੂੰ ਕਾਠ ਮਾਰਨ ਅਤੇ ਜ਼ਮੀਰ ਨੂੰ ਖ਼ਾਮੋਸ਼ ਕਰਨ ਲਈ ਪਹਿਲੇ ਸ਼ਰਾਬ ਪੀਂਦਾ ਹੈ ਅਤੇ ਫਿਰ ਇਹ ਕਾਰਾ ਕਰਨਾ ਉਸ ਲਈ ਆਸਾਨ ਹੋ ਜਾਂਦਾ ਹੈ।

ਘਰ ਦੇ ਕਿਸੇ ਜੀਅ ਤੋਂ ਸ਼ਰਾਬ ਲਈ ਪੈਸੇ ਨਾ ਮਿਲਣ 'ਤੇ ਵੀ ਕਈ ਵਾਰ ਸ਼ਰਾਬੀ ਰੋਸ ਵਜੋਂ ਉਸ ਦਾ ਕਤਲ ਕਰ ਦੇਂਦਾ ਹੈ। ਅਜਿਹੀਆਂ ਵਾਰਦਾਤਾਂ ਆਏ ਦਿਨ ਰਿਪੋਰਟ ਰਹਿੰਦੀਆਂ ਹਨ।

ਸ਼ਰਾਬੀ ਦਾ ਜੀਵਨ ਵਧੇਰੇ ਸ਼ਰਾਬ ਦੁਆਲੇ ਹੀ ਘੁੰਮਦਾ ਹੈ। ਇਹੀ ਉਸ ਦੀ ਸਭ ਤੋਂ ਵੱਡੀ ਸੋਚ ਤੇ ਲੋੜ ਬਣ ਜਾਂਦੀ ਹੈ। ਉਹ ਹਰ ਹਾਲਤ ਵਿਚ ਇਸ ਦਾ ਇੰਤਜ਼ਾਮ ਕਰੀ ਰੱਖਣਾ ਚਾਹੁੰਦਾ ਹੈ। ਜ਼ਿੰਮੇਵਾਰੀਆਂ, ਸ਼ਿਸ਼ਟਾਚਾਰ, ਦਿਆਨਦਾਰੀ, ਧਰਮ ਆਦਿ ਉਸ ਨੂੰ ਐਵੇਂ ਫਾਲਤੂ ਦੀਆਂ ਗੱਲਾਂ ਭਾਸਦੀਆਂ ਹਨ। ਸ਼ਰਾਬ ਹਾਸਲ ਕਰਨ ਲਈ ਉਹ ਚੋਰੀ, ਠੱਗੀ, ਭ੍ਰਿਸ਼ਟਾਚਾਰ, ਹਿੰਸਾ ਕੁਝ ਵੀ ਕਰ ਗੁਜ਼ਰਦਾ ਹੈ। ਘਰ ਦਾ ਭਾਂਡਾ-ਟੀਂਡਾ, ਵਹੁਟੀ ਦਾ ਟੂਮ-ਛੱਲਾ ਤੱਕ ਚੁਰਾ ਕੇ ਵੇਚ ਆਉਂਦਾ ਹੈ।

ਪ੍ਰਸਿੱਧ ਪੰਜਾਬੀ ਕਵੀ ਧਨੀ ਰਾਮ ਚਾਤ੍ਰਿਕ ਜੀ ਨੇ ਸ਼ਰਾਬੀ ਪਰਿਵਾਰ ਦਾ ਨਕਸ਼ਾ, ਇਨ੍ਹਾਂ ਢੁੱਕਵੇਂ ਸ਼ਬਦਾਂ ਵਿਚ ਚਿੱਤਰਿਆ ਹੈ:

**"ਬੱਚੇ ਵਿਲ੍ਹਕਣ, ਨਾਰੀ ਨੰਗੀ, ਆਪਣਾ ਖੀਸਾ ਖਾਲੀ।**
**ਝੱਸ ਸ਼ਰਾਬੀ ਪੂਰਾ ਕਰਦਾ ਵੇਚ ਕੇ ਛੰਨਾ ਥਾਲੀ।**
**ਦਿਲ ਧੜਕੇ ਹੱਥ ਪੈਰ ਕੰਬਦੇ, ਚਿਹਰੇ 'ਤੇ ਫਿਟਕਾਰ,**
**ਸੱਜਣ ਮਿੱਤਰ ਮੂੰਹ ਨਾ ਲਾਵਣ, ਜੇ ਮੂੰਹ ਲਾਵੇ ਪਿਆਲੀ।"**

ਧਰਮ ਵੱਲੋਂ ਸ਼ਰਾਬ ਦੀ ਸਖ਼ਤ ਮਨਾਹੀ ਦੇ ਬਾਵਜੂਦ ਸਭ ਧਰਮਾਂ ਦੇ ਲੋਕਾਂ ਵਿਚ ਸਮਾਜ ਦੇ ਵੱਡੇ ਹਿੱਸੇ ਵਿਚ ਸ਼ਰਾਬ ਦਾ ਸ਼ੌਕ ਅੱਜ ਆਪਣੀ ਚਰਮ-ਸੀਮਾ 'ਤੇ ਹੈ। ਆਪਣੀ ਇਸ ਇੱਲਤ ਤੇ ਸ਼ਰਮਸਾਰ ਹੋਣ ਦੀ ਥਾਂ ਉਹ ਇਸ ਨੂੰ ਇਕ ਗੌਰਵਮਈ ਸ਼ੁਗਲ ਸਮਝਣ ਲੱਗ ਪਏ ਹਨ। ਇਸ ਤੋਂ ਵੱਧ ਕਿਸੇ ਕੌਮ ਦੀ ਬਦਕਿਸਮਤੀ ਕੀ ਹੋ ਸਕਦੀ ਹੈ?

# ਸਿੱਖ ਰਹਿਤ ਮਰਯਾਦਾ

ਧਰਮ ਪ੍ਰਚਾਰ ਕਮੇਟੀ (ਐਸ.ਜੀ.ਪੀ.ਸੀ.)

## ਸਾਧਾਰਨ ਪਾਠ

(ੳ) ਹਰ ਇਕ ਸਿੱਖ ਨੂੰ ਵੱਸ ਲੱਗੇ, ਆਪਣੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਿਵੇਕਲਾ ਸਥਾਨ ਨਿਯਤ ਕਰਨਾ ਚਾਹੀਏ।

(ਅ) ਹਰ ਇਕ ਸਿੱਖ-ਸਿੱਖਣੀ, ਬੱਚੇ-ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖਣਾ ਚਾਹੀਏ।

(ੲ) ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਹੁਕਮ' ਲਵੇ। ਜੇ ਇਸ ਵਿਚ ਉਕਾਈ ਹੋ ਜਾਵੇ ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰੇ ਜਾਂ ਸੁਣੇ। ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰੱਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ।

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਹ) ਪਾਠ ਆਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰ ਕੇ ਹੁਕਮ ਲੈਣਾ ਚਾਹੀਏ। ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

## ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ 48 ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤਰ ਦਾ ਧਿਆਨ ਰੱਖ ਕੇ, ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ।

(ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ; ਟੱਬਰ ਦੇ ਕਿਸੇ ਆਦਮੀ, ਸਾਕ-ਸੰਬੰਧੀ, ਮਿੱਤਰ ਆਦਿ ਮਿਲ ਕੇ ਕਰਨ। ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠ ਦੀ ਯਥਾ-ਸ਼ਕਤਿ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣਾ ਜਾਂ ਨਾਲ-ਨਾਲ ਜਾਂ ਵਿਚ-ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮੱਤ ਹੈ।

## ਸਾਧਾਰਨ ਪਾਠ/ਅਖੰਡ ਪਾਠ ਦਾ ਅਰੰਭ

ਸਾਧਾਰਨ ਪਾਠ ਦੇ ਅਰੰਭ ਵੇਲੇ ਪ੍ਰਸ਼ਾਦਿ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸ ਮਗਰੋਂ 'ਹੁਕਮ' ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦਿ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਨ ਮਗਰੋਂ ਅਰਦਾਸ ਕਰ ਕੇ ਅਤੇ 'ਹੁਕਮ' ਲੈ ਕੇ ਪਾਠ ਦਾ ਆਰੰਭ ਕੀਤਾ ਜਾਵੇ।

## ਭੋਗ

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ 'ਚ ਅਜੇ ਤੱਕ ਮੱਤਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ।) ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਆਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤਿ 'ਅਰਦਾਸ' ਕਰਾਈ ਜਾਵੇ।

## ਕੜਾਹ ਪ੍ਰਸ਼ਾਦਿ

(ੳ) ਕੜਾਹ ਪ੍ਰਸ਼ਾਦਿ ਜੋ ਵਿਧੀ ਅਨੁਸਾਰ ਤਿਆਰ ਕਰ ਕੇ ਜਾਂ ਕਰਾ ਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਅ) ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ ਇਹ ਹੈ - ਸੁਅੱਛ ਭਾਂਡੇ 'ਚ ਤ੍ਰਿਭਾਵਲੀ (ਆਟਾ, ਉੱਤਮ ਮਿੱਠਾ ਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ। ਫਿਰ ਸੁਅੱਛ ਬਸਤਰ ਨਾਲ ਢੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸੁਅੱਛ ਚੌਂਕੀ ਉੱਪਰ ਰੱਖਿਆ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਸੰਗਤ ਨੂੰ ਉੱਚੀ ਆਵਾਜ਼ 'ਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾਵੇ ਤੇ ਪਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ੲ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਵਰਤਾਇਆ ਜਾਵੇ। ਉਪਰੰਤ ਸੰਗਤ ਵਿਚ ਵਰਤਾਉਣ ਲੱਗਿਆਂ ਪਹਿਲਾਂ ਤਾਬਿਆ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਏ। ਕਿਸੇ ਲਿਹਾਜ਼ ਜਾਂ ਘਿਰਣਾ ਕਰਕੇ ਵਿਤਕਰਾ ਨਾ ਕਰੇ। ਸਭ ਸਿੱਖ, ਗ਼ੈਰ-ਸਿੱਖ, ਨੀਚ-ਊਚ ਜਾਤਿ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦਿ ਵਰਤਾਉਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ-ਪਾਤ, ਛੂਤ-ਛਾਤ ਦਾ ਖਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸ) ਕੜਾਹ ਪ੍ਰਸ਼ਾਦਿ ਭੇਟਾ ਕਰਨ ਵੇਲੇ ਘੱਟ ਤੋਂ ਘੱਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

**ਜਿਸ ਦੀ ਔਲਾਦ ਆਗਿਆਕਾਰੀ ਹੋਵੇ, ਇਸਤ੍ਰੀ ਕਹਿਣਾ ਮੰਨੇ, ਮੰਨ ਵਿਚ ਲੋਭ ਨਾ ਹੋਵੇ, ਉਹ ਜੀਵਨ 'ਚ ਸਵਰਗ ਭੋਗਦਾ ਹੈ। ਚਾਣਕਿਆ ਗੁਣ ਸਭ ਲਈ ਆਪਣਾ ਮਾਣ ਕਰਵਾ ਲੈਂਦਾ ਹੈ। -ਕਾਲੀ ਦਾਸ**

# ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਪ੍ਰਮੁੱਖ ਸਹਿਯੋਗੀ

**ਡਾ. ਜਸਵੰਤ ਸਿੰਘ**

## ਗਿਆਨੀ ਹੇਮ ਸਿੰਘ (1910-2005)

ਗਿਆਨੀ ਹੇਮ ਸਿੰਘ ਦਾ ਜਨਮ ਪਿੰਡ ਟਾਂਡਾ ਰਾਮਸਹਾਈ, ਜ਼ਿਲ੍ਹਾ ਹੁਸ਼ਿਆਰਪੁਰ ਵਿਚ 1 ਜਨਵਰੀ 1910 ਈ. ਨੂੰ ਹੋਇਆ। ਉਹਨਾਂ ਨੇ ਦਸਵੀਂ ਦੀ ਪ੍ਰੀਖਿਆ ਡੀ.ਏ.ਵੀ. ਹਾਈ ਸਕੂਲ ਦਸੂਹਾ ਤੋਂ 1926 ਈ. ਵਿਚ ਪਾਸ ਕੀਤੀ। ਉਹਨਾਂ ਦੀ ਬਚਪਨ ਤੋਂ ਹੀ ਨੈਤਿਕ ਅਤੇ ਧਾਰਮਿਕ ਸਿੱਖਿਆ ਵਿਚ ਰੁੱਚੀ ਸੀ। ਇਸ ਕਰਕੇ ਉਹ ਡੇਰਾ ਮਸਤੂਆਣਾ ਵਿਚ ਚਲੇ ਗਏ ਤੇ 1931 ਵਿਚ ਗਿਆਨੀ ਦੀ ਪ੍ਰੀਖਿਆ ਪਾਸ ਕੀਤੀ। ਉਹਨਾਂ ਨੇ ਬੀ.ਏ. ਪ੍ਰਾਈਵੇਟ ਤੌਰ 'ਤੇ ਪਾਸ ਕੀਤੀ।

ਉਹਨਾਂ ਨੇ ਲੁਬਾਣਾ ਬਰਾਦਰੀ ਦੀਆਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਨ ਅਤੇ ਸਿੱਖਿਆ ਦੇ ਪ੍ਰਸਾਰ ਲਈ ਸ਼ਲਾਘਾਯੋਗ ਯਤਨ ਕੀਤੇ। ਉਹਨਾਂ ਦੇ ਯਤਨਾਂ ਕਰਕੇ ਜਲੰਧਰ ਦੁਆਬ ਵਿਚ ਇਕ ਵਿਹਾਰ ਸੁਧਾਰ ਕਮੇਟੀ ਦਾ ਸੰਗਠਨ ਕੀਤਾ। ਉਹ ਇਸ ਸੰਸਥਾ ਦੇ 1934 ਤੋਂ 1946 ਈ. ਤੱਕ ਸਕੱਤਰ ਰਹੇ। ਉਹਨਾਂ ਦੀ ਨਿਗਰਾਨੀ ਹੇਠ ਟਾਂਡਾ ਰਾਮਸਹਾਈ, ਜ਼ਿਲ੍ਹਾ ਹੁਸ਼ਿਆਰਪੁਰ ਵਿਚ 5 ਅਤੇ 6 ਦਸੰਬਰ 1944 ਈ. ਨੂੰ ਇਕ ਬਹੁਤ ਮਹੱਤਵਪੂਰਨ ਦੀਵਾਨ ਹੋਇਆ। ਇਸ ਦੀਵਾਨ ਵਿਚ ਛੇ ਬਹੁਤ ਅਹਿਮ ਮਤੇ ਪਾਸ ਕੀਤੇ ਜਿਹਨਾਂ ਵਿਚ ਪਿੰਡਾਂ ਦੇ ਗੁਰਦੁਆਰਿਆਂ ਵਿਚ ਪੜ੍ਹੇ ਲਿਖੇ ਗ੍ਰੰਥੀ ਨਿਯੁਕਤ ਕੀਤੇ ਜਾਣ। ਇਸਤਰੀ ਸਿੱਖਿਆ ਦਾ ਪ੍ਰਸਾਰ ਕੀਤਾ ਜਾਵੇ। ਬਰਾਤ ਕੇਵਲ ਇਕ ਰਾਤ ਰਹੇ। ਰਿਸ਼ਤਾ ਕਰਦੇ ਸਮੇਂ ਵਿਚੋਲਿਆਂ ਦੀ ਗਿਣਤੀ ਘੱਟ ਕੀਤੀ ਜਾਵੇ। ਰਿਸ਼ਤਾ ਕਰਦੇ ਸਮੇਂ ਗੋਤਾਂ ਨੂੰ ਨਜ਼ਰਅੰਦਾਜ਼ ਕੀਤਾ ਜਾਵੇ। ਦੂਜੇ ਮਹਾਂਯੁੱਧ ਵਿਚ ਅੰਗਰੇਜ਼ਾਂ ਦੀ ਪੂਰੀ ਸਹਾਇਤਾ ਕੀਤੀ ਜਾਵੇ। ਉਹਨਾਂ ਇਸ ਬਰਾਦਰੀ ਦੇ ਸਪਤਾਹਿਕ ਪੇਪਰ 'ਪ੍ਰੇਮ ਸੰਦੇਸ਼' ਦੀਆਂ ਕਾਪੀਆਂ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਬਹੁਤ ਕੰਮ ਕੀਤਾ। ਉਹਨਾਂ ਨੇ ਕਈ ਵਿਦਿਅਕ ਸੰਸਥਾਵਾਂ ਸਥਾਪਤ ਕਰਨ ਅਤੇ ਵੱਖ-ਵੱਖ ਪਿੰਡਾਂ ਵਿਚ ਗੁਰਦੁਆਰੇ ਉਸਾਰਨ ਲਈ ਵੀ ਸ਼ਲਾਘਾਯੋਗ ਕੰਮ ਕੀਤਾ।

## ਗਿਆਨੀ ਹਰਚਰਨ ਸਿੰਘ (1904-1988)

ਗਿਆਨੀ ਹਰਚਰਨ ਸਿੰਘ ਦਾ ਜਨਮ ਪਿੰਡ ਨੰਗਲ ਲੁਬਾਣਾ, ਰਿਆਸਤ ਕਪੂਰਥਲਾ ਵਿਚ 1904 ਈ. ਵਿਚ ਹੋਇਆ। ਉਹਨਾਂ ਨੇ 1921 ਈ. ਵਿਚ ਅੱਠਵੀਂ ਦੀ ਪ੍ਰੀਖਿਆ ਐਂਗਲੋ ਵਰਨੇਕੂਲਰ ਇੰਗਲਿਸ਼ ਸਕੂਲ, ਨਡਾਲਾ ਤੋਂ 1921 ਈ. ਵਿਚ ਪਾਸ ਕੀਤੀ। ਉਹਨਾਂ ਨੇ ਗਿਆਨੀ ਦੀ ਪ੍ਰੀਖਿਆ 1926 ਈ. ਵਿਚ ਪਾਸ ਕੀਤੀ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਥਾਪਿਤ ਕੀਤੇ ਸਿੱਖ ਮਿਸ਼ਨਰੀ ਕਾਲਜ ਵਿਚ 1927 ਈ. ਵਿਚ ਦਾਖਲ ਹੋਏ। ਉਹਨਾਂ ਨੇ ਉਸੇ ਹੀ ਸੰਸਥਾ ਵਿਚ 1929-30 ਈ. ਵਿਚ ਪੜ੍ਹਾਇਆ। 20ਵੀਂ ਦੇ ਤੀਜੇ ਦਹਾਕੇ ਵਿਚ ਉਹ ਸੰਤ ਪ੍ਰੇਮ ਸਿੰਘ ਰਾਹੀਂ ਸ਼ੁਰੂ ਕੀਤੀ ਗਈ ਵਿਹਾਰ ਸੁਧਾਰ ਲਹਿਰ ਦੇ ਬਹੁਤ ਅਹਿਮ ਆਗੂਆਂ ਵਿਚੋਂ ਇਕ ਸਨ। ਉਹ 1927 ਈ. ਵਿਚ ਖੋਖਰਅਲੀ ਜ਼ਿਲ੍ਹਾ ਸਿਆਲਕੋਟ ਵਿਚ ਹੋਈ ਵਿਹਾਰ ਸੁਧਾਰ ਲਹਿਰ ਦੇ ਸਟੇਜ਼ ਸਕੱਤਰ ਸਨ। ਉਹਨਾਂ ਨੇ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਬੁੰਗਾ ਬਣਾਉਣ ਲਈ ਬਹੁਤ ਕੰਮ ਕੀਤਾ। ਉਹ 1926 ਤੋਂ 1950 ਈ. ਤੱਕ ਉਸ ਬੁੰਗੇ ਦੇ ਸਕੱਤਰ ਰਹੇ।

ਉਹ ਸੰਤ ਪ੍ਰੇਮ ਸਿੰਘ ਦੇ ਬਹੁਤ ਨਜ਼ਦੀਕੀ ਸਾਥੀਆਂ ਵਿਚੋਂ ਇਕ ਸਨ। ਉਹਨਾਂ ਦੀ ਰਾਜਨੀਤੀ ਵਿਚ ਭੂਮਿਕਾ ਵਰਨਣਯੋਗ ਸੀ। ਉਹਨਾਂ ਨੇ ਨਾਮਿਲਵਰਤਨ ਅਤੇ ਅਕਾਲੀ ਲਹਿਰਾਂ ਵਿਚ ਬਹੁਤ ਸਰਗਰਮੀ ਨਾਲ ਹਿੱਸਾ ਲਿਆ। ਉਹਨਾਂ ਨੂੰ ਅਕਾਲੀ ਲਹਿਰ ਵਿਚ ਹਿੱਸਾ ਲੈਣ ਕਰਕੇ 20 ਮਾਰਚ 1922 ਈ. ਨੂੰ ਜੇਲ੍ਹ ਭੇਜ ਦਿੱਤਾ ਗਿਆ।

ਉਹਨਾਂ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ 1937 ਈ. ਅਤੇ 1946 ਈ. ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਗੁਜਰਾਤ ਅਤੇ ਸ਼ਾਹਪੁਰ ਸਿੱਖ ਪੇਂਡੂ ਹਲਕੇ ਤੋਂ ਪੂਰਾ ਸਮਰਥਨ ਕੀਤਾ ਤੇ ਸੰਤ ਪ੍ਰੇਮ ਸਿੰਘ ਦੋਵੇਂ ਵਾਰ ਬਹੁਤ ਵੱਡੇ ਫਰਕ ਨਾਲ ਜੇਤੂ ਹੋਏ। ਉਹਨਾਂ ਨੇ ਰਿਆਸਤਾਂ ਦੇ ਸ਼ਾਸ਼ਕਾਂ ਤੇ ਤਾਨਾਸ਼ਾਹੀ ਵਤੀਰੇ ਵਿਰੁੱਧ ਸ਼ੁਰੂ ਕੀਤੀ ਗਈ ਪ੍ਰਜਾ ਮੰਡਲ ਲਹਿਰ ਵਿਚ ਹਿੱਸਾ ਲਿਆ। ਇਸ ਕਰਕੇ ਉਹਨਾਂ ਨੂੰ ਫਰਵਰੀ 1943 ਵਿਚ ਕੈਦ ਕਰ ਲਿਆ ਗਿਆ ਤੇ ਬਹੁਤ ਤਸੀਹੇ ਦਿੱਤੇ ਗਏ। ਉਹਨਾਂ ਨੇ ਸ਼ਹੀਦ ਬਾਬਾ ਲਾਭ ਸਿੰਘ ਨਾਲ ਅਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਲਿਆ। ਉਹਨਾਂ ਨੇ ਇਕ ਪੁਸਤਕ 'ਅਮਰ ਜੀਵਨ' ਲਿਖੀ, ਜਿਸ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਜੀਵਨ ਅਤੇ ਪ੍ਰਾਪਤੀਆਂ ਦਾ ਵਰਨਣ ਕੀਤਾ ਗਿਆ ਹੈ।

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ, (ਰਜਿ:) ਸੈਕਟਰ-30 ਏ, ਚੰਡੀਗੜ੍ਹ ਦੀ

## ਜੂਨ ਮਹੀਨੇ ਦੀ ਕਾਰਗੁਜ਼ਾਰੀ ਦੀ ਰਿਪੋਰਟ

1. **ਲੁਬਾਣਾ ਇੰਟਰਸਟੇਟ ਸਮਾਜ ਸੁਧਾਰ ਫੋਰਮ ਬਾਰੇ** :- ਲੁਬਾਣਾ ਇੰਟਰਸਟੇਟ ਸਮਾਜ ਸੁਧਾਰ ਫੋਰਮ ਦੀ ਪਹਿਲੀ ਮੀਟਿੰਗ ਹੋ ਚੁੱਕੀ ਹੈ ਜਿਸ ਵਿਚ ਪੰਜ ਵਿਸ਼ਿਆਂ ਤੇ ਵਿਚਾਰ ਹੋਇਆ ਸੀ, ਪਰ ਸਭ ਵਿਸ਼ੇ ਫਾਇਨਲ ਨਹੀਂ ਕੀਤੇ ਗਏ, ਕਿਉਂਕਿ ਮੈਂਬਰਾਂ ਦੀ ਗਿਣਤੀ 50 ਪ੍ਰਤੀਸ਼ਤ ਤੋਂ ਵੀ ਘੱਟ ਸੀ। ਜਿਹੜੇ ਮੈਂਬਰ ਮੀਟਿੰਗ ਵਿਚ ਨਹੀਂ ਆ ਸਕੇ ਉਹਨਾਂ ਨੂੰ ਪੱਤਰ ਰਾਹੀਂ ਸੂਚਿਤ ਕੀਤਾ ਗਿਆ ਸੀ ਕਿ ਜੇ ਉਹ ਮੀਟਿੰਗ ਵਾਸਤੇ ਸਮਾਂ ਨਹੀਂ ਕੱਢ ਸਕਦੇ ਤਾਂ ਹੋਰ ਮੈਂਬਰ ਨਿਯੁਕਤ ਕੀਤੇ ਜਾ ਸਕਦੇ ਹਨ। ਛੇਤੀ ਹੀ ਹੋਰ ਮੈਂਬਰ ਨਿਯੁਕਤ ਕਰਨ ਤੋਂ ਬਾਅਦ ਜੁਲਾਈ ਮਹੀਨੇ ਵਿਚ ਮੀਟਿੰਗ ਕੀਤੀ ਜਾਵੇਗੀ ਅਤੇ ਪਹਿਲੀ ਮੀਟਿੰਗ ਵਿਚ ਵਿਚਾਰ ਕੀਤੇ ਮਸਲਿਆਂ ਨੂੰ ਫਾਇਨਲ ਕਰਨ ਤੋਂ ਬਾਅਦ ਸਰਕੂਲੇਟ ਕੀਤਾ ਜਾਵੇਗਾ। ਸਭ ਮੈਂਬਰਾਂ ਨੂੰ ਬੇਨਤੀ ਵੀ ਹੈ ਕਿ ਉਹ ਸਮਾਜ ਸੁਧਾਰ ਬਾਰੇ ਆਪਣੇ ਵਿਚਾਰ ਭਵਨ ਨੂੰ ਜ਼ਰੂਰ ਦੱਸਣ ਤਾਂ ਕਿ ਸਭ ਦੀ ਸਹਿਮਤੀ ਨਾਲ ਸਮਾਜ ਸੁਧਾਰ ਦੇ ਵਿਚਾਰੇ ਗਏ ਵਿਸ਼ਿਆਂ ਨੂੰ ਫਾਇਨਲ ਕਰ ਦਿੱਤਾ ਜਾਵੇ।

2. **ਨਾਭੂ ਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾਉਣ ਬਾਰੇ** :- ਇਸ ਬਾਰੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਨੂੰ ਪੱਤਰ ਰਾਹੀਂ ਬੇਨਤੀ ਕੀਤੀ ਗਈ ਸੀ ਕਿ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ (ਹਰਿਆਣਾ) ਦੇ ਬਾਹਰ ਜੋ ਇਤਿਹਾਸ ਦੇ ਬੋਰਡ ਲੱਗੇ ਹੋਏ ਹਨ ਉਹਨਾਂ ਵਿਚ ਨਾਭੂਸ਼ਾਹ ਲੁਬਾਣਾ ਦੇ ਨਾਮ ਨਾਲੋਂ ਲੁਬਾਣਾ ਲਫ਼ਜ਼ ਹਟਾ ਦਿੱਤਾ ਗਿਆ ਹੈ ਜੋ ਪਹਿਲਾਂ ਇਤਿਹਾਸ ਵਿਚ ਲਿਖਿਆ ਹੋਇਆ ਸੀ ਨੂੰ ਫਿਰ ਉਸੇ ਤਰ੍ਹਾਂ ਹੀ ਲਿਖ ਦਿੱਤਾ ਜਾਵੇ। ਇਸ ਪੱਤਰ ਦੀ ਕਾਪੀ ਮੈਨੇਜਰ ਨਾਢਾ ਸਾਹਿਬ ਗੁਰਦੁਆਰਾ ਸਾਹਿਬ ਨੂੰ ਵੀ ਦਿੱਤੀ ਗਈ ਸੀ ਅਤੇ ਬੀਬੀ ਜਗੀਰ ਕੌਰ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਦਿੱਤੀ ਗਈ ਸੀ। ਇਸ ਬਾਰੇ ਪਹਿਲਾਂ ਵੀ ਯਾਦ ਪੱਤਰ ਲਿਖਿਆ ਗਿਆ ਸੀ ਅਤੇ ਮਿਤੀ 26-06-2019 ਨੂੰ ਵੀ ਯਾਦ ਪੱਤਰ ਭੇਜਿਆ ਜਾ ਰਿਹਾ ਹੈ। ਮਿਤੀ 23-06-2019 ਨੂੰ ਬੀਬੀ ਜਗੀਰ ਕੌਰ ਜੀ ਨੂੰ ਬੇਨਤੀ ਵੀ ਕੀਤੀ ਗਈ ਸੀ ਅਤੇ ਉਹਨਾਂ ਨਾਲ ਫੋਨ 'ਤੇ ਵੀ ਗੱਲ ਕੀਤੀ ਸੀ। ਇਸ ਬਾਰੇ ਜੋ ਵੀ ਫੈਸਲਾ ਆਇਆ ਦੱਸਿਆ ਜਾਵੇਗਾ।

3. **ਓ.ਬੀ.ਸੀ. ਰਿਜ਼ਰਵੇਸ਼ਨ ਬਾਰੇ** :- ਇਸ ਬਾਰੇ ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਅਤੇ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਿਚ ਰਿਟ ਪੈਂਡਿਗ ਹੈ। ਜਿਸ ਨੂੰ ਸਾਰੇ ਸਬੰਧਿਤ ਭਵਨਾਂ ਦੀ ਕਮੇਟੀ ਦੇਖ ਰਹੀ ਹੈ। ਭਾਰਤ ਸਰਕਾਰ ਦੇ ਪੱਤਰ 1222 ਮਿਤੀ 11-06-2019 ਰਾਹੀਂ "It has been already clarified by HRD ministary, govt. of India that PEC IS CENTRALLY FUNDED INSTITITION even than no reservation in admissions of OBC category students which is against rules framed while notifying it as deemed university. Now appeal is pending in Supreme court on this issue only. pl. study this matter and its consequences."

ਉੱਪਰ ਲਿਖੀ Clarification ਮੁਤਾਬਿਕ ਕੋਈ ਵੀ ਓ.ਬੀ.ਸੀ. OBC potential candidate and who wants admission in PEC, now he can take admission in OBC quota in PEC by filing a writ in HC Chandigarh, by enclosing copy of MHRD letter. I am 100% sure he/she will get admission ਹੈ ਕਿ ਇਸ ਵਾਰ ਜੇ ਕੋਈ ਉਮੀਦਵਾਰ ਹੋਵੇ ਤਾਂ ਉਸ ਨੂੰ ਦਾਖ਼ਲਾ ਓ.ਬੀ.ਸੀ ਕੋਟੇ ਵਿਚ ਮਿਲ ਸਕਦਾ ਹੈ।

**ਸੋਲਰ ਸਿਸਟਮ ਬਾਰੇ** :- ਸੋਲਰ ਸਿਸਟਮ ਦੇ ਸਭ ਪੈਨਲ ਅਤੇ ਤਾਰਾਂ ਆਦਿ ਲੱਗ ਚੁੱਕੀਆਂ ਹਨ। ਕੁਝ ਹੀ ਦਿਨਾਂ ਵਿਚ ਮੀਟਰ ਆਦਿ ਵੀ ਲੱਗ ਜਾਣਗੇ ਅਤੇ ਸੋਲਰ ਸਿਸਟਮ ਚਾਲੂ ਹੋ ਜਾਵੇਗਾ। ਸੋਲਰ ਸਿਸਟਮ ਤਿੰਨ ਕਿਸ਼ਤਾਂ ਤਕਰੀਬਨ 16 ਲੱਖ ਰੁਪਏ ਦੀ ਅਦਾਇਗੀ ਕਰ ਦਿੱਤੀ ਗਈ ਹੈ। ਆਖ਼ਰੀ ਕਿਸ਼ਤ ਛੇਤੀ ਹੀ ਦੇ ਦਿੱਤੀ ਜਾਵੇਗੀ। ਸਭ ਮੈਂਬਰਾਂ ਨੂੰ ਬੇਨਤੀ ਹੈ ਕਿ ਇਸ ਬਾਰੇ ਜੋ ਵੀ ਦਾਨ ਦੇਣਾ ਚਾਹੁੰਦੇ ਹਨ ਜਲਦੀ ਤੋਂ ਜਲਦੀ ਭੇਜ ਦੇਣ। ਕੁਝ ਮੈਂਬਰਾਂ ਨੇ ਪਹਿਲਾਂ ਹੀ ਦਾਨ ਬਾਰੇ ਰਕਮ ਲਿਖਾਈ ਹੋਈ ਹੈ ਪਰ ਪੇਮੈਂਟ ਨਹੀਂ ਕੀਤੀ ਉਹਨਾਂ ਨੂੰ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਜਲਦੀ ਤੋਂ ਜਲਦੀ ਪੇਮੈਂਟ ਕਰ ਦਿੱਤੀ ਜਾਵੇ ਤਾਂ ਜੋ ਕੰਪਨੀ ਨੂੰ ਸਾਰੀ ਪੇਮੈਂਟ ਕਰ ਦਿੱਤੀ ਜਾਵੇ।

**ਰਾਸ਼ਟਰੀ ਵਣਜਾਰਾ ਸੇਵਾ ਸੰਘ ਦੀ ਮੀਟਿੰਗ ਬਾਰੇ** :- ਰਾਸ਼ਟਰੀ ਵਣਜਾਰਾ ਸੇਵਾ ਸੰਘ ਦੀ ਮੀਟਿੰਗ ਅੰਬਾਲਾ ਵਿਚ ਰੱਖੀ ਗਈ ਸੀ ਜਿਸ ਵਿਚ ਪ੍ਰਧਾਨ ਜਗੀਰ ਸਿੰਘ ਲਾਲੀਆ, ਸਾਬਕਾ ਪ੍ਰਧਾਨ ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) ਅਤੇ ਮੀਤ ਪ੍ਰਧਾਨ ਗੁਲਸ਼ਨ ਕੁਮਾਰ ਸਿੰਘ, ਮੀਤ ਪ੍ਰਧਾਨ ਬਲਵਿੰਦਰ ਸਿੰਘ ਨੇ ਭਾਗ ਲਿਆ ਅਤੇ ਰਾਸ਼ਟਰੀ ਵਣਜਾਰਾ ਸੇਵਾ ਸੰਘ ਦੇ ਪ੍ਰਧਾਨ, ਰਿਜ਼ਨਲ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੇ ਵਿਚਾਰ ਸੁਣੇ ਅਤੇ ਸਭਨਾਂ ਨੂੰ 23 ਜੂਨ ਨੂੰ ਸੰਤ

ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਬਰਸੀ ਜੋ ਭਵਨ ਵਿਚ ਮਨਾਈ ਜਾ ਰਹੀ ਹੈ ਉਸ ਵਿਚ ਸ਼ਾਮਿਲ ਹੋਣ ਦਾ ਸੱਦਾ ਵੀ ਦਿੱਤਾ।



**ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69ਵੀਂ ਬਰਸੀ ਬਾਰੇ** :- ਮਿਤੀ 23 ਜੂਨ ਦਿਨ ਐਤਵਾਰ 2019 ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69ਵੀਂ ਬਰਸੀ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30ਏ, ਚੰਡੀਗੜ੍ਹ ਵਿਖੇ ਬੜੀ ਧੂਮ-ਧਾਮ ਨਾਲ ਮਨਾਈ ਗਈ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਰਾਗੀ ਜਥਾ ਭਾਈ ਸੰਤੋਖ ਸਿੰਘ ਜੀ ਚੰਡੀਗੜ੍ਹ ਵਾਲੇ ਅਤੇ ਢਾਡੀ ਜਥਾ ਬੀਬੀਆਂ ਮਲੇਰ ਕੋਟਲੇ ਵਾਲੀਆਂ ਅਤ ਕੀਰਤਨੀ ਜਥਾ ਭਾਈ ਦਵਿੰਦਰ ਸਿੰਘ ਜੀ ਸ਼੍ਰੀ ਦਰਬਾਰ ਸਾਹਿਬ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕੀਤਾ। ਇਸ ਵਾਰ ਰਿਕਾਰਡ ਤੋੜ ਸੰਗਤ ਨੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਰਸੀ ਵਿਚ ਭਾਗ ਲਿਆ ਅਤੇ ਸੰਤ ਮਹਾਰਾਜ ਜੀ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸ. ਗੁਰਪਾਲ ਸਿੰਘ ਨਰਾਇਣਗੜ੍ਹ ਜੀ ਦੀ ਅਗਵਾਈ ਹੇਠ ਸੰਗਤ ਹੁਮ-ਹਮਾਂ ਕੇ ਨਰਾਇਣਗੜ੍ਹ (ਹਰਿਆਣਾ) ਤੋਂ ਪਹੁੰਚੀ। ਸੰਗਤਾਂ ਪਹੇਵਾ (ਹਰਿਆਣਾ), ਪੰਜਾਬ, ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਤੋਂ ਵੀ ਹੁਮ-ਹਮਾ ਕੇ ਪਹੁੰਚੀਆਂ ਸਨ। ਵੱਖ-ਵੱਖ ਰਾਜਾਂ ਦੇ ਪਤਵੰਤੇ ਸੱਜਣ ਅਤੇ ਹੋਰ ਮੈਂਬਰ, ਅਹੁੱਦੇਦਾਰ ਸਹਿਬਾਨ ਸੰਤ ਮਹਾਤਮਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਪਹੁੰਚੇ ਸਨ। ਇਸ ਸਮਾਗਮ ਵਿਚ ਸ਼੍ਰੀ ਅਮਰ ਸਿੰਘ ਤਿਲਾਵਟ ਪ੍ਰਧਾਨ ਆਲ ਇੰਡੀਆ ਵਣਜਾਰਾ ਸੇਵਾ ਸੰਘ, ਸ਼੍ਰੀਮਤੀ ਰੇਨੂੰ ਦੇਵੀ ਨੈਸ਼ਨਲ ਵਾਇਸ ਪ੍ਰਧਾਨ ਬੀ.ਜੇ.ਪੀ. ਅਤੇ ਸਾਬਕਾ ਮੰਤਰੀ ਬਿਹਾਰ ਸਰਕਾਰ, ਸ. ਐਨ.ਪੀ. ਸਿੰਘ ਨੋਰਥ ਜ਼ੋਨ ਚੇਅਰਮੈਨ ਆਲ ਇੰਡੀਆ ਵਣਜਾਰਾ ਸੇਵਾ ਸੰਘ ਅਤੇ ਸ਼੍ਰੀ ਕ੍ਰਿਸ਼ਨ ਕੁਮਾਰ ਚੀਫ਼ ਜਨਰਲ ਸਕੱਤਰ ਸਾਲਟ ਮੇਕਰ ਅਤੇ ਟਰੇਡ ਕਾਸਟ ਫੈਡੇਰੇਸ਼ਨ ਨੇ ਵੀ ਭਾਗ ਲਿਆ। ਪ੍ਰੋ. ਜਸਵੰਤ ਸਿੰਘ ਬੇਗੋਵਾਲ ਜੀ ਨੇ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੇ ਜੀਵਨ ਬਾਰੇ ਵਿਸਥਾਰ ਸਹਿਤ ਦੱਸਿਆ। ਪ੍ਰੋ. ਸਾਹਿਬ ਨੇ ਦੱਸਿਆ ਕਿ ਸੰਤਾਂ ਦੀ ਸਿੱਖ ਸਮਾਜ ਅਤੇ ਖਾਸ ਕਰਕੇ ਲੁਬਾਣਾ ਸਮਾਜ ਨੂੰ ਬਹੁਤ ਵੱਡੀ ਦੇਣ ਹੈ। ਅਖ਼ੀਰ ਵਿਚ ਪ੍ਰਧਾਨ ਜੀ ਨੇ ਆਈ ਹੋਈ ਸਾਰੀ ਸੰਗਤ ਦਾ ਧੰਨਵਾਦ ਕੀਤਾ ਅਤੇ ਬੇਨਤੀ ਕੀਤੀ ਕਿ ਇਸ ਤਰ੍ਹਾਂ ਹੀ ਹਰ ਸਾਲ ਵੱਧ ਚੜ੍ਹ ਕੇ ਸੰਤਾਂ ਦੀ ਬਰਸੀ ਤੇ ਪਹੁੰਚਿਆ ਕਰਨ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਿਆ ਕਰਨ।

ਇਸ ਸਮਾਗਮ ਵਿਚ ਬੀਬੀ ਜਗੀਰ ਕੌਰ ਸਾਬਕਾ ਮੰਤਰੀ ਅਤ ਸਾਬਕਾ ਪ੍ਰਧਾਨ ਸ਼੍ਰੋਮਣੀ ਪ੍ਰਬੰਧਕ ਕਮੇਟੀ ਗੁਰਦੁਆਰਾ ਸ਼੍ਰੀ ਅੰਮ੍ਰਿਤਸਰ ਜੀ ਨੇ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਆਪਣੀ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਮਾਗਮ ਦੀ ਸਮਾਪਤੀ ਤੋਂ ਬਾਅਦ



ਗੁਰੂ ਕਾ ਲੰਗਰ ਅਤੁੱਟ ਵਰਤਿਆ। ਲੰਗਰ ਤੋਂ ਬਾਅਦ ਭਵਨ ਦੇ ਆਡੀਟੋਰੀਅਮ ਵਿਚ ਸ. ਗਗਨਦੀਪ ਸਿੰਘ ਡੀ.ਡੀ.ਪੀ.ਓ., ਹਰਿਆਣਾ ਜੀ ਨੇ ਡਾਕੂਮੈਂਟਰੀ ਵੀ ਦਿਖਾਈ ਜਿਸ ਵਿਚ ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ ਦੀ ਹਿਸਟਰੀ ਅਤੇ ਵਣਜਾਰਾ ਸਮਾਜ ਦਾ ਸਿੱਖ ਰਾਜ ਵਿਚ ਰੋਲ ਬਾਰੇ ਬੜੀ ਡੀਟੇਲ ਵਿਚ ਦੱਸਿਆ ਜੋ ਸੰਗਤਾਂ ਨੂੰ ਬਹੁਤ ਹੀ ਪਸੰਦ ਆਇਆ। ਪ੍ਰਧਾਨ ਜੀ ਅਤੇ ਹੋਰ ਅਹੁਦੇਦਾਰਾਂ ਨੇ ਸ. ਗਗਨਦੀਪ ਸਿੰਘ ਦੀ ਸ਼ਲਾਘਾ ਕੀਤੀ ਅਤੇ ਸ. ਗਗਨਦੀਪ ਸਿੰਘ ਜੀ ਨੂੰ ਸਨਮਾਨਤ ਵੀ ਕੀਤਾ।

**"ਗੁਰੂ ਲਾਧੋ ਰੇ" ਭਵਨਨਰਾਇਣਗੜ੍ਹ ਦੀ ਉਸਾਰੀ ਬਾਰੇ** :- ਨਰਾਇਣਗੜ੍ਹ (ਹਰਿਆਣਾ) ਵਿਚ "ਗੁਰੂ ਲਾਧੋ ਰੇ" ਭਵਨ ਉਸਾਰੀ ਅਧੀਨ ਹੈ, ਜੇਕਰ ਕਿਸੇ ਮੈਂਬਰ/ਅਹੁਦੇਦਾਰ/ਸੰਗਤ ਨੇ "ਗੁਰੂ ਲਾਧੋ ਰੇ" ਭਵਨ ਨਰਾਇਣਗੜ੍ਹ ਦੀ ਉਸਾਰੀ ਵਾਸਤੇ ਸੇਵਾ ਕਰਵਾਉਣੀ ਹੈ ਤਾਂ ਹੇਠ ਲਿਖੇ ਬੈਂਕ ਅਕਾਉਂਟ ਨੰਬਰ ਤੇ ਰੁਪਏ ਪਾ ਸਕਦੇ ਹਨ:-

**ਬੈਂਕ ਦਾ ਨਾਮ** - ਪੰਜਾਬ ਨੈਸ਼ਨਲ ਬੈਂਕ

**ਅਕਾਊਂਟ ਹੋਲਡਰ ਦਾ ਨਾਮ** - ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ/ - 2733000102901938, -0273300, ਮੁੱਖ ਸੇਵਾਦਾਰ ਸ. ਗੁਰਪਾਲ ਸਿੰਘ ਨਰਾਇਣਗੜ੍ਹ, ਮੋਬਾ. ਨੰ. 94161-35379, 94167-30001

**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ 30-ਏ ਚੰਡੀਗੜ੍ਹ ਵਿਖੇ ਮੈਡੀਕਲ ਓ.ਪੀ.ਡੀ., ਕਲੀਨਿਕਲ ਲੈਬ ਅਤੇ ਡੈਂਟਲ ਵਿਚ ਚੈੱਕਅਪ ਚੱਲ ਰਹੇ ਹਨ। ਮੈਡੀਕਲ ਓ.ਪੀ.ਡੀ. ਅਤੇ ਕਲੀਨਿਕਲ ਲੈਬ ਦੇ ਜੂਨ ਮਹੀਨੇ ਦੇ ਇਲਾਜ ਦਾ ਵੇਰਵਾ ਦਾ ਵੇਰਵਾ ਇਸ ਤਰ੍ਹਾਂ ਹੈ:-

**ਜਨਵਰੀ ਮਹੀਨੇ ਦੇ ਇਲਾਜ ਦਾ ਵੇਰਵਾ:-**

1. ਮੈਡੀਕਲ ਓ.ਪੀ.ਡੀ. - 95
2. ਮੈਡੀਕਲ ਲੈਬ - 35
3. ਡੈਂਟਲ ਕਲੀਨਿਕ - 53

**ਮੈਡੀਕਲ ਕੈਂਪ ਬਾਰੇ** :- ਜੂਨ ਮਹੀਨੇ ਵਿਚ ਪਿੰਡਾਂ ਅਤੇ ਸ਼ਹਿਰਾਂ ਵਿੱਚ ਕੁੱਲ 17 ਕੈਂਪ ਲਗਾਏ ਗਏ ਹਨ। ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਮਿਤੀ ਅਤੇ | ਸਥਾਨ | ਮਰੀਜ਼ |
|---|---|---|---|
| 1. | 27-05-2019 | ਨੰਦੂਵਾਲ | 44 |
| 2. | 28-05-2019 | ਫਤਿਹਪੁਰ | 33 |
| 3. | 30-05-2019 | ਨਨਹੇੜਾ | 24 |
| 4. | 31-05-2019 | ਮੋਹਰਾ ਖੇੜੀ | 31 |
| 5. | 03-06-2019 | ਮੋਹਰਾ ਖੇੜੀ | 31 |
| 6. | 06-06-2019 | ਬੱਖਡੋਲੀ | 17 |
| 7. | 07-06-2019 | ਨਗਲਾਰਾਜਪੁਰ | 39 |
| 8. | 08-06-2019 | ਮਾਜਰਾ | 22 |
| 9. | 14-06-2019 | ਸੋਨਤਾਲੀ | 30 |
| 10. | 15-06-2019 | ਬਾਹਲੋਲੀ | 30 |
| 11. | 17-06-2019 | ਨਸਡੋਲੀ | 31 |
| 12. | 18-06-2019 | ਛੋਟਾ ਖੋੜਾ | 20 |
| 13. | 20-06-2019 | ਬੜਾ ਖੋੜਾ | 30 |
| 14. | 21-06-2019 | ਗਨੇਸ਼ਪੁਰ | 21 |
| 15. | 22-06-2019 | ਰਾਇਵਾਲੀ | 30 |
| 16. | 25-06-2019 | ਰਾਇਵਾਲੀ | 30 |
| 17. | 26-06-2019 | ਗਾਜੀਪੁਰ | 25 |
| | ਕੁੱਲ | | 488 |










**ਸ. ਜਗੀਰ ਸਿੰਘ ਲਾਲੀਆ**

**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ, ਫਾਉਂਡੇਸ਼ਨ ਚੰਡੀਗੜ੍ਹ।**

# ਜਦੋਂ ਬੰਦਾ ਬਹਾਦਰ ਨੇ ਸਿੱਖਾਂ ਦਾ ਇਕ ਸੁਪਨਾ ਸਾਕਾਰ ਕੀਤਾ

ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ)



ਬਾਬਾ ਬੰਦਾ ਸਿੰਘ ਬਹਾਦਰ ਜੀ ਦੀ ਕਮਾਨ ਹੇਠ, ਸੰਨ 1710 ਵਿਚ ਸਿੱਖਾਂ ਵੱਲੋਂ ਸੂਬੇਦਾਰ ਵਜ਼ੀਰ ਖਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰਨ ਅਤੇ ਸਰਹਿੰਦ ’ਤੇ ਕਬਜ਼ਾ ਕਰਨ ਦੀ ਘਟਨਾ, ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਮੁਗ਼ਲਾਂ ਨੂੰ ਪਹਿਲੀ ਵੇਰ ਸਿੱਖ ਸ਼ਕਤੀ ਦਾ ਅਹਿਸਾਸ ਕਰਵਾਇਆ ਅਤੇ ਗਜ਼ਨਵੀ, ਤੈਮੂਰ ਤੇ ਬਾਬਰ ਦੇ ਖਾਨਦਾਨਾਂ ਵਿਚੋਂ ਅਖਵਾਉਣ ਵਾਲਿਆਂ ਦੀ ਆਨ ਤੇ ਸ਼ਾਨ ਨੂੰ ਮਿੱਟੀ ਵਿਚ ਮਿਲਾ ਕੇ ਰੱਖ ਦਿੱਤਾ। “ਇਹ ਗੱਲ ਬਿਨਾਂ ਕਿਸੇ ਤਰਦੀਦ ਦੇ ਕਹੀ ਜਾ ਸਕਦੀ ਹੈ ਕਿ ਇਹ ਬੰਦਾ (ਬਹਾਦਰ) ਹੀ ਸੀ, ਜਿਸ ਨੇ ਸਿੱਖਾਂ ਨੂੰ ਸਭ ਤੋਂ ਪਹਿਲਾਂ ਇਹ ਸਿਖਾਇਆ ਕਿ ਕਿਵੇਂ ਲੜੀਦਾ ਹੈ ਅਤੇ ਜਿੱਤ ਪ੍ਰਾਪਤ ਕਰੀਦੀ ਹੈ।” ਡਾ. ਗੋਕਲ ਚੰਦ ਨਾਰੰਗ।

ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ, ਘੋਖਿਆ ਤੇ ਵਿਚਾਰਿਆ ਹੈ ਉਹ ਮੇਰੇ ਨਾਲ ਸਹਿਮਤ ਹੋਵੇਗਾ ਕਿ ਸਰਹਿੰਦ ਦੀ ਜਿੱਤ, ਮੁਗ਼ਲਾਂ ਦੀ ਤਬਾਹੀ ਵੱਲ ਵਧਿਆ ਸਿੱਖਾਂ ਦਾ ਪਹਿਲਾ ਭਰਵਾਂ ਕਦਮ ਸੀ। ਇਸ ਦੇ ਨਾਲ ਹੀ ਸਿੱਖ ਉਸ ਸ਼ਾਹਰਾਹ ’ਤੇ ਹੋ ਤੁਰੇ ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ। ਖੈਰ! ਆਓ ਵੇਖੀਏ, ਘਟਨਾਵਾਂ ਦਾ ਸਿਲਸਿਲਾ ਕਿਥੋਂ ਸ਼ੁਰੂ ਹੁੰਦਾ ਹੈ ਅਤੇ ਇਤਿਹਾਸ ਦੀ ਹਿੱਕ ’ਤੇ ਪੈੜਾਂ ਪਾਉਂਦਾ ਕਿੱਥੇ ਜਾ ਕੇ ਖਤਮ ਹੁੰਦਾ ਹੈ।

**ਪਿਛੋਕੜ** - ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇਦਾਰ ਵਜੀਰ ਖਾਂ (ਸੂਬਾ ਸਰਹਿੰਦ) ਵੱਲੋਂ ਸਰਹਿੰਦ ਵਿਖੇ ਮਿਤੀ 27 ਦਸੰਬਰ, 1704 ਈ. ਨੂੰ ਜ਼ਿੰਦਾ ਦੀਵਾਰ ਵਿਚ ਚਿਣਵਾ ਕੇ ਸ਼ਹੀਦ ਕਰਨ ਦੀ ਦਿਲ-ਕੰਬਾਊ ਘਟਨਾ ਨੇ ਸਿੱਖ ਮਾਨਸਿਕਤਾ ’ਤੇ ਡੂੰਘਾ ਪੱਛ ਮਾਰਿਆ। ਇਸ ਘਟਨਾ ਦੇ ਤਿੱਖੇ ਪ੍ਰਤੀਕ੍ਰਮ ਵਜੋਂ ਸਿੱਖਾਂ ਦੇ ਮਨਾਂ ਅੰਦਰ ਸਮੇਂ ਦੀ ਹਕੂਮਤ ਵਿਰੁੱਧ ਗੁੱਸੇ ਤੇ ਨਫ਼ਰਤ ਦੀ ਅੱਗ ਭੜਕ ਉੱਠੀ ਅਤੇ ਸਿੱਖਾਂ ਦੇ ਸੰਘਰਸ਼ ਨੇ ਇਕ ਕ੍ਰਾਂਤੀਕਾਰੀ ਲਹਿਰ ਅਤੇ ਜ਼ੁਲਮ ਵਿਰੁੱਧ ਉੱਠੇ ਇਨਕਲਾਬ ਦਾ ਰੂਪ ਧਾਰਨ ਕਰ ਲਿਆ।

ਬੇਸ਼ੱਕ ਗੁਰੂ ਗੋਬਿੰਦ ਸਿੰਘ ਅਡੋਲ ਰਹੇ ਪਰ ਉਨ੍ਹਾਂ ਨੇ ਦੋਸ਼ੀ ਨੂੰ ਉਸ ਦੇ ਪਾਪ ਦੀ ਸਜ਼ਾ ਦੇਣ ਦਾ ਨਿਸ਼ਚਾ ਕਰ ਲਿਆ ਸੀ। ਇਸ ਕਾਰਜ ਲਈ ਉਨ੍ਹਾਂ ਨੇ ਸਿੱਖਾਂ ਨੂੰ ਮਾਨਸਿਕਤਾ ਤੇ ਜਥੇਬੰਦਕ ਤੌਰ ’ਤੇ ਤਿਆਰ ਕੀਤਾ ਅਤੇ ਫਿਰ ਮੁਗ਼ਲਾਂ ’ਤੇ ਚੋਟ ਕਰਨ ਲਈ ਵਕਤ ਦਾ ਇੰਤਜ਼ਾਰ ਕਰਨ ਲੱਗੇ। ਅੰਤ, ਸਿੱਖਾਂ ਦੀ ਰਹਿਨੁਮਾਈ ਕਰਨ ਲਈ ਗੁਰੂ ਸਾਹਿਬ ਨੇ 3 ਸਤੰਬਰ, 1708 ਈ. ਨੂੰ ਗੋਦਾਵਰੀ ਦੇ ਕੰਢੇ ਨੰਦੇੜ ਵਿਖੇ ਬੜੇ ਨਾਟਕੀ ਢੰਗ ਨਾਲ ਬੰਦਾ ਬਹਾਦਰ ਦੀ ਚੋਣ ਕੀਤੀ। ਸਿੱਖ ਕੌਮ ਦੀ ਕਿਸਮਤ ਦੀ ਵਾਂਗਡੋਰ ਸੰਭਾਲਣ ਵਾਲੇ

ਇਸ ਸੁਭਾਗੇ ਵਿਅਕਤੀ ਦੀ ਉਮਰ ਉਸ ਵੇਲੇ 38 ਸਾਲਾਂ ਦੀ ਸੀ ਅਤੇ ਉਹ ਗੁਰੂ ਗੋਬਿੰਦ ਸਿੰਘ ਤੋਂ ਲਗਭਗ ਚਾਰ ਸਾਲ ਛੋਟਾ ਸੀ।

ਗੁਰੂ ਗੋਬਿੰਦ ਸਿੰਘ ਨੇ ਬੰਦਾ ਸਿੰਘ ਨੂੰ 'ਬਹਾਦਰ' ਦਾ ਖਿਤਾਬ ਦੇ ਕੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਪੰਜਾਬ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਉਂਝ ਵੀ ਪੰਜਾਬ 'ਤੇ ਚੜ੍ਹਾਈ ਕਰਨ ਲਈ ਇਹ ਐਨ ਢੁੱਕਵਾਂ ਸਮਾਂ ਸੀ ਅਤੇ ਸਿੱਖ ਜਗਤ ਵੀ ਮਾਨਸਿਕ ਤੇ ਜਥੇਬੰਦਕ ਤੌਰ 'ਤੇ ਟੱਕਰ ਲੈਣ ਲਈ ਤਿਆਰ ਸੀ। ਬੰਦਾ ਬਹਾਦਰ, ਅਕਤੂਬਰ 1708 ਦੇ ਆਸਪਾਸ ਪੰਜਾਬ ਲਈ ਰਵਾਨਾ ਹੋਇਆ। ਦਿੱਲੀ ਟੱਪਦਿਆਂ ਹੀ ਲੋਕ ਉਸ ਦੇ ਝੰਡੇ ਹੇਠ ਇਕੱਠੇ ਹੋਣ ਲੱਗੇ ਅਤੇ ਛੇਤੀ ਹੀ 40,000 ਸੈਨਿਕ ਉਸ ਦੇ ਅਧੀਨ ਇਕੱਠੇ ਹੋ ਗਏ। ਡਾ. ਗੋਕਲ ਚੰਦ ਨਾਰੰਗ ਅਨੁਸਾਰ ਛੇਤੀ ਹੀ ਪੈਦਲ ਸੈਨਿਕਾਂ ਦੀ ਗਿਣਤੀ 8,900 ਹੋ ਗਈ ਅਤੇ ਅੰਤ 40,000 ਤੱਕ ਪਹੁੰਚ ਗਈ। ਮੁਹੰਮਦ ਕਾਸਮ ਲਿਖਦਾ ਹੈ ਕਿ ਥੋੜ੍ਹੇ ਅਰਸੇ ਦੌਰਾਨ ਹੀ ਬੰਦਾ ਬਹਾਦਰ ਦੀ ਕਮਾਨ ਹੇਠ 4,000 ਘੋੜ-ਸਵਾਰ ਇਕੱਠੇ ਹੋ ਗਏ। ਸੋ, ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ, ਪੰਜਾਬ ਦੇ ਇਤਿਹਾਸਕ ਰੰਗਮੰਚ 'ਤੇ ਅਚਾਨਕ ਇਕ ਨਾਇਕ ਦੇ ਤੌਰ 'ਤੇ ਉੱਭਰ ਕੇ ਸਾਹਮਣੇ ਆਇਆ।

**ਸਰਹਿੰਦ 'ਤੇ ਹਮਲੇ ਲਈ ਮੈਦਾਨ ਤਿਆਰ** - ਜਿੱਤਾਂ ਦੇ ਇਕ ਲੰਮੇ ਸਿਲਸਿਲੇ ਤੋਂ ਬਾਅਦ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹਿੰਦ 'ਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ। ਬੰਦਾ ਬਹਾਦਰ ਲਈ ਇਹ ਇਕ ਇਮਤਿਹਾਨ ਦੀ ਘੜੀ ਸੀ। ਸੋ, ਮੌਕੇ ਦੀ ਨਜ਼ਾਕਤ ਨੂੰ ਵੇਖਦਿਆਂ, ਬੰਦਾ ਬਹਾਦਰ ਨੇ ਸਰਹਿੰਦ 'ਤੇ ਹੱਲਾ ਕਰਨ ਤੋਂ ਪਹਿਲਾਂ, ਕੀਰਤਪੁਰ ਵੱਲੋਂ ਜਿੱਤਾਂ ਪ੍ਰਾਪਤ ਕਰਦੇ ਆ ਰਹੇ ਸਿੱਖ ਜਥੇ ਦੀ ਉਡੀਕ ਕਰਨੀ ਉਚਿੱਤ ਸਮਝੀ। ਜਲਦੀ ਹੀ ਇਹ ਸ਼ਕਤੀਸ਼ਾਲੀ ਜਥਾ, ਖਰੜ ਤੇ ਬਨੂੜ ਵਿਚਕਾਰ, ਬੰਦਾ ਬਹਾਦਰ ਦੇ ਦਲ ਨਾਲ ਆ ਰਲਿਆ ਜਿਸ ਨਾਲ ਸਿੱਖਾਂ ਦੀ ਜੰਗੀ ਤਾਕਤ ਵਿਚ ਚੋਖਾ ਵਾਧਾ ਹੋਇਆ।

**ਸੂਬੇਦਾਰ ਵਜ਼ੀਰ ਖਾਂ ਦੀ ਜੰਗ ਲਈ ਤਿਆਰੀ ਤੇ ਮੋਰਚਾਬੰਦੀ** - ਬੰਦਾ ਬਹਾਦਰ ਦੀ ਕਮਾਨ ਹੇਠ ਖ਼ਾਲਸੇ ਦੀ 'ਹਰ ਮੈਦਾਨ ਫ਼ਤਹਿ' ਅਤੇ ਚੜ੍ਹਤ ਨੂੰ ਵੇਖ ਕੇ ਸੂਬੇਦਾਰ ਵਜ਼ੀਰ ਖਾਂ ਨੂੰ ਕਾਂਬਾ ਛਿੜ ਗਿਆ। ਉਸ ਨੇ ਜੰਗ ਦੀ ਤਿਆਰੀ ਵਿਚ ਸਾਰੇ ਸਾਧਨ ਜੁਟਾ ਦਿੱਤੇ। ਆਪਣੇ ਸੱਜਣਾਂ-ਮਿੱਤਰਾਂ ਅਤੇ ਰਾਜੇ-ਰਜਵਾੜਿਆਂ ਨੂੰ ਬੁਲਾ ਲਿਆ। ਜਹਾਦ ਦਾ ਨਾਅਰਾ ਲਾ ਦਿੱਤਾ। ਉਸ ਨੇ ਸਿੱਕੇ ਤੇ ਬਰੂਦ ਦੇ ਕੋਠੇ ਭਰ ਲਏ। ਜਦੋਂ ਵਜ਼ੀਰ ਖਾਂ ਨੂੰ ਇਹ ਯਕੀਨ ਹੋ ਗਿਆ ਕਿ ਉਹ ਸਿੱਖਾਂ ਦੇ ਹਮਲੇ ਨੂੰ ਪਛਾੜ ਸਕੇਗਾ ਤਾਂ ਉਹ 20 ਕੁ ਹਜ਼ਾਰ ਬਾਕਾਇਦਾ ਫੌਜ ਅਤੇ ਹੋਰ ਗਾਜ਼ੀਆਂ ਸਮੇਤ, ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧਿਆ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ, ਸੂਬੇਦਾਰ ਵਜ਼ੀਰ ਖਾਂ ਦੀ ਮੋਰਚਾਬੰਦੀ ਦਾ ਜ਼ਿਕਰ ਇਉਂ ਕਰਦਾ ਹੈ : "ਵਜ਼ੀਰ ਖਾਂ ਨੇ ਇਕ ਪਾਸੇ ਤੋਪਾਂ ਬੀੜ ਦਿੱਤੀਆਂ, ਦੂਜੇ ਪਾਸੇ ਕੰਧ ਵਾਂਗ ਹਾਥੀ ਖੜ੍ਹੇ ਕਰ ਦਿੱਤੇ, ਤੀਜੇ ਪਾਸੇ ਨਵਾਬਾਂ ਤੇ ਜਾਗੀਰਦਾਰਾਂ ਦੀ ਫੌਜ ਖੜ੍ਹੀ ਕੀਤੀ ਅਤੇ ਚੌਥੇ ਪਾਸੇ ਆਪਣੀ ਫੌਜ ਵਿਚ ਜੰਬੂਰੇ ਤੇ ਰਹਿਕਲੇ ਆਦਿ ਬੀੜ ਕੇ ਆਪ ਗਾਜ਼ੀਆਂ ਦੇ ਵਿਚਕਾਰ ਇਕ ਉੱਚੇ ਹਾਥੀ ਉੱਤੇ ਚੜ੍ਹ ਗਿਆ।

ਬੰਦਾ ਬਹਾਦਰ ਦੀ ਮੋਰਚਾਬੰਦੀ ਦਾ ਜ਼ਿਕਰ ਕਰਦਿਆਂ ਗੁਰਦੇਵ ਸਿੰਘ ਦਿਉਲ ਆਪਣੀ ਪ੍ਰਸਿੱਧ ਪੁਸਤਕ 'ਬੰਦਾ ਬਹਾਦਰ-ਇਕ ਜੀਵਨੀ' ਦੇ ਪੰਨਾ 32 ਉੱਤੇ ਲਿਖਦਾ ਹੈ ਕਿ "ਬੰਦੇ ਨੇ ਆਪਣੀਆਂ ਸੈਨਾਵਾਂ ਨੂੰ ਦੋ ਹੱਲਾ-ਮਾਰ ਜਥਿਆਂ ਵਿਚ ਤਰਤੀਬ ਦਿੱਤੀ। ਪਹਿਲੇ ਜਥੇ ਵਿਚ ਮਾਲਵੇ ਦੇ ਸਿੰਘ ਸਨ, ਜਿਨ੍ਹਾਂ ਦੀ ਕਮਾਨ ਭਾਈ ਫ਼ਤਿਹ ਸਿੰਘ, ਕਰਮ ਸਿੰਘ, ਧਰਮ ਸਿੰਘ ਤੇ ਆਲੀ ਸਿੰਘ ਕਰ ਰਹੇ ਸਨ। ਦੂਜਾ ਜਥਾ, ਜਿਸ ਦੀ ਅਗਵਾਈ ਬਾਬਾ ਬਿਨੋਦ ਸਿੰਘ, ਬਾਜ ਸਿੰਘ, ਰਾਮ ਸਿੰਘ ਤੇ ਸ਼ਾਮ ਸਿੰਘ ਕਰ ਰਹੇ ਸਨ, ਮਝੈਲ ਸਿੰਘਾਂ ਦਾ ਸੀ। ਡਾਕੂਆਂ ਤੇ ਲੁਟੇਰਿਆਂ ਨੂੰ, ਜੋ ਬੰਦੇ ਦੀ ਸੈਨਾ ਵਿਚ ਮੌਜੂਦ ਸਨ, ਮਝੈਲਾਂ ਤੇ ਮਲਵਈਆਂ ਦੇ ਦਲਾਂ ਵਿਚ ਵੰਡ ਦਿੱਤਾ।" ਇਹ ਗੱਲ ਨੋਟ ਕਰਨ ਵਾਲੀ ਹੈ ਕਿ ਸੂਬੇਦਾਰ ਵਜ਼ੀਰ ਖਾਂ ਕੋਲ ਜਿਥੇ ਵੱਡੀ ਗਿਣਤੀ ਵਿਚ ਹਾਥੀ, ਘੋੜ-ਚੜ੍ਹੇ ਬੰਦੂਕਚੀ, ਨੇਜ਼ਾ-ਬਰਦਾਰ ਅਤੇ ਤਲਵਾਰਚੀ ਸਨ ਉਥੇ ਬੰਦਾ ਬਹਾਦਰ ਕੋਲ ਨਾ ਕੋਈ ਤੋਪਖਾਨਾ ਸੀ ਅਤੇ ਨਾ ਹੀ ਹਾਥੀ ਸਨ, ਇਥੋਂ ਤੱਕ ਕਿ ਚੰਗੇ ਘੋੜੇ ਵੀ ਕਾਫੀ ਗਿਣਤੀ ਵਿਚ ਨਹੀਂ ਸਨ। ਸਿੰਘਾਂ ਕੋਲ ਕੇਵਲ ਲੰਮੇ ਨੇਜ਼ੇ, ਤੀਰ ਅਤੇ ਤਲਵਾਰਾਂ ਹੀ ਸਨ।

**ਚੱਪੜਚਿੜੀ ਦੇ ਮੈਦਾਨ ਵਿਚ ਫੈਸਲਾਕੁੰਨ ਯੁੱਧ** - ਡਾ. ਗੰਡਾ ਸਿੰਘ ਅਤੇ ਰਤਨ ਸਿੰਘ ਭੰਗੂ ਅਨੁਸਾਰ ਇਹ ਯੁੱਧ, 12 ਮਈ, 1710 ਈ. ਨੂੰ ਸਰਹਿੰਦ ਤੋਂ 12 ਕੋਹ ਦੀ ਵਿੱਥ 'ਤੇ ਚੱਪੜਚਿੜੀ ਦੇ ਮੈਦਾਨ ਵਿਚ ਹੋਇਆ। (ਚੱਪੜਚਿੜੀ, ਖਰੜ ਤੇ ਲਾਂਡਰਾ ਵਿਚਕਾਰ ਸਥਿਤ ਇਕ ਛੋਟਾ ਜਿਹਾ ਪਿੰਡ ਹੈ)। ਪ੍ਰਸਿੱਧ ਇਤਿਹਾਸਕਾਰ ਸੋਹਣ ਸਿੰਘ ਅਨੁਸਾਰ ਇਹ ਯੁੱਧ, 30 ਮਈ, 1710 ਈ. ਨੂੰ ਹੋਇਆ ਅਤੇ ਖ਼ਜ਼ਾਨ ਸਿੰਘ ਦਾ ਵਿਚਾਰ ਹੈ ਕਿ ਇਹ ਯੁੱਧ, ਸਰਹਿੰਦ ਦੇ ਨੜੇ ਵਡਾਲੀ ਤੇ ਨਾਨ੍ਹਹੇੜੀ ਪਿੰਡਾਂ ਦੀ ਜੂਹ ਵਿਚ ਹੋਇਆ।

ਜਦੋਂ ਵਜ਼ੀਰ ਖਾਂ ਦੀਆਂ ਫੌਜਾਂ ਟੱਕਰ ਲੈਣ ਲਈ ਅੱਗੇ ਵਧੀਆਂ ਤਾਂ ਬੰਦਾ ਬਹਾਦਰ ਨੇ ਵੀ ਆਪਣੇ ਕਮਾਂਡਰਾਂ ਨੂੰ ਅੱਗੇ ਵਧਣ ਦਾ ਹੁਕਮ ਦਿੱਤਾ ਅਤੇ ਆਪ, ਇਸ ਜੰਗੀ ਕਾਰਵਾਈ ਨੂੰ ਸੇਧ ਦੇਣ ਲਈ, ਨੇੜੇ ਹੀ ਇਕ ਉੱਚੀ ਥਾਂ 'ਤੇ ਬੈਠ ਗਿਆ। ਜੰਗ ਦੇ ਪਹਿਲੇ ਪੜਾਅ ਵਿਚ ਸ਼ਾਹੀ ਫੌਜਾਂ ਦਾ ਪਲੜਾ ਭਾਰੀ ਰਿਹਾ ਅਤੇ ਬੇਨੇਮੇ ਡਾਕੂ ਹਰਨ ਹੋ ਗਏ। ਮੁਗ਼ਲਾਂ ਦਾ ਪਲੜਾ ਭਾਰੀ ਵੇਖ ਕੇ, ਨਿਰਲੱਗ ਬੈਠਾ ਬੰਦਾ ਬਹਾਦਰ ਝੱਟ ਆਪਣੀ ਸੈਨਾ ਦੀਆਂ ਮੂਹਰਲੀਆਂ ਕਤਾਰਾਂ ਵਿਚ ਆ ਗਿਆ। ਉਸ ਦੇ ਆਗਮਨ ਨੇ ਜਿੱਥੇ ਸਿੱਖਾਂ ਦੇ ਹੌਂਸਲੇ ਬੁਲੰਦ ਕਰ ਦਿੱਤੇ ਉਥੇ ਦੁਸ਼ਮਣਾਂ ਵਿਚ ਸਭ ਪਾਸੇ ਭੈਅ ਛਾ ਗਿਆ। ਇਸ ਸਬੰਧ ਵਿਚ ਨਾਮਵਰ ਇਤਿਹਾਸਕਾਰ ਕਰਮ ਸਿੰਘ ਲਿਖਦਾ ਹੈ ਕਿ "ਜਿਸ ਵੇਲੇ ਉਪ-ਕਮਾਂਡਰ ਬਾਜ ਸਿੰਘ ਨੇ ਬਾਜ਼ੀ ਜਾਂਦੀ ਵੇਖੀ ਤਾਂ ਘੋੜਾ ਦੌੜਾ ਕੇ ਬੰਦਾ ਬਹਾਦਰ ਕੋਲ ਪਹੁੰਚਿਆ ਅਤੇ ਕਿਹਾ ਕਿ ਉਸ ਬਾਝੋਂ ਮੈਦਾਨ ਹੱਥੋਂ ਜਾਂਦਾ ਨਜ਼ਰ ਆ ਰਿਹਾ ਹੈ, ਜੇਕਰ ਥੋੜ੍ਹਾ ਚਿਰ ਇਹੋ ਹਾਲ ਰਿਹਾ ਤਾਂ ਮੁੜ ਕੇ ਪੈਰ ਜਮਣੇ ਔਖੇ ਹੋ ਜਾਣਗੇ। ਬੰਦਾ ਬਹਾਦਰ ਵੀ ਇਨ੍ਹਾਂ ਗੱਲਾਂ ਨੂੰ ਚੰਗੀ ਤਰ੍ਹਾਂ ਸਮਝਦਾ ਸੀ। ਝੱਟ ਸਵਾਰ ਹੋਇਆ ਅਤੇ ਝੱਟ ਮੈਦਾਨ ਵਿਚ ਆ ਉਤਰਿਆ।" ਸੋਹਣ ਸਿੰਘ ਇਸ ਤੱਥ 'ਤੇ ਆਪਣੀ ਮੋਹਰ ਕੁਝ ਇਸ ਤਰ੍ਹਾਂ ਲਾਉਂਦਾ ਹੈ - "ਤਦ ਬੰਦਾ ਬਹਾਹਰ ਉਠਿਆ, ਜਿਵੇਂ ਭੁੱਖਾ ਸ਼ੇਰ ਆਪਣੀ ਗੁਫਾ ਵਿਚੋਂ ਨਿਕਲਿਆ ਹੋਵੇ ਅਤੇ ਬਿਜਲੀ ਵਾਂਗ ਵੈਰੀ ਦੀ ਸੈਨਾ 'ਤੇ ਟੁੱਟ ਪਿਆ।" ਡਾ. ਗੰਡਾ ਸਿੰਘ ਆਪਣੀ ਪੁਸਤਕ 'ਬੰਦਾ ਬਹਾਦਰ' ਦੇ ਪੰਨਾ 63 ਉੱਤੇ ਅਤੇ ਰਤਨ ਸਿੰਘ ਭੰਗੂ ਆਪਣੀ ਪੁਸਤਕ, 'ਪ੍ਰਾਚੀਨ ਪੰਥ ਪ੍ਰਕਾਸ਼' ਦੇ

ਪੰਨਾ 96 ਉੱਤ ਉਪਰੋਕਤ ਵਿਚਰਾਂ ਦੀ ਪੁਸ਼ਟੀ ਕਰਦੇ ਹਨ।

ਬੰਦਾ ਬਹਾਦਰ ਦੀ ਹਿੰਮਤ ਤੇ ਹੌਂਸਲੇ ਤੋਂ ਪ੍ਰਭਾਵਿਤ ਹੋ ਸਿੰਘ, ਇਕ ਮੁੱਠ ਹੋ ਕੇ ਵੈਰੀਆਂ ’ਤੇ ਟੁੱਟ ਪਏ। ਹਮਲਾ ਏਨਾ ਜ਼ੋਰਦਾਰ ਸੀ ਕਿ ਦੁਸ਼ਮਣ ਖੜ੍ਹਾ ਨਾ ਰਹਿ ਸਕਿਆ। ਖ਼ੂਨ-ਡੋਲਵੀਂ ਲੜਾਈ ਵਿਚ ਸੂਬੇਦਾਰ ਵਜ਼ੀਰ ਖਾਂ ਮਾਰਿਆ ਗਿਆ। ਇਸ ਤਰ੍ਹਾਂ ਬੰਦਾ ਬਹਾਦਰ ਨੇ “ਮਾਰ ਵਜੀਦੇ ਖ਼ਾਂ ਨੂੰ, ਧਰਤੋਂ ਭਾਰੀ ਪੰਡ ਉਤਾਰੀ।”-ਹਰਸਾ ਸਿੰਘ ਚਾਤਰ।

ਮੇਰੇ ਜਿਨ੍ਹਾਂ ਪਾਠਕਾਂ ਨੇ ਇਸ ਲਿਖਤ ਨੂੰ ਇੱਥੇ ਤੱਕ ਪੜ੍ਹਨ ਦਾ ਸਾਹਸ ਕੀਤਾ ਹੈ, ਮੈਂ ਸਮਝਦਾ ਹਾਂ, ਉਹ ਇਹ ਵੀ ਜਾਣਨਾ ਚਾਹੁੰਣਗੇ ਕਿ ਸੂਬੇਦਾਰ ਵਜ਼ੀਰ ਖ਼ਾਂ ਦੀ ਮੌਤ ਕਿਵੇਂ ਤੇ ਕਿਸ ਹੱਥੋਂ ਹੋਈ? ਬਹੁ-ਸੰਮਤੀ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਵਜ਼ੀਰ ਖ਼ਾਂ ਦੀ ਮੌਤ, ਬੰਦਾ ਬਹਾਦਰ ਦੇ ਇਕ ਸਿਰਕੱਢ ਜਰਨੈਲ ਫਤਿਹ ਸਿੰਘ ਦੇ ਹੱਥੋਂ ਹੋਈ। ਡਾ. ਗੰਡਾ ਸਿੰਘ ਅਨੁਸਾਰ - “ਬਾਜ ਸਿੰਘ ਨੇ ਵਜ਼ੀਰ ਖਾਂ ਦੇ ਹੱਥੋਂ ਨੇਜ਼ਾ ਖੋਹ ਕੇ ਉਸ ਦੇ ਘੋੜੇ ਦੇ ਸਿਰ ਵਿਚ ਖੋਭਿਆ ਅਤੇ ਉਸ ਨੂੰ ਜ਼ਖ਼ਮੀ ਕਰ ਦਿੱਤਾ, ਜਦ ਕਿ ਫ਼ਤਿਹ ਸਿੰਘ ਨੇ, ਜੋ ਕਿ ਨਾਲ ਹੀ ਖੜ੍ਹਾ ਸੀ, ਮਿਆਨ ਵਿਚੋਂ ਤਲਵਾਰ ਕੱਢੀ ਅਤੇ ਵਜ਼ੀਰ ਖਾਂ ਨੂੰ ਇੰਝ ਮਾਰੀ ਕਿ ਉਸ ਦੇ ਮੋਢੇ ਤੋਂ ਹੁੰਦੀ ਕਮਰ ਨੂੰ ਚੀਰ ਗਈ।”


**ਬੰਦਾ ਬਹਾਦਰ ਤੇ ਵਜ਼ੀਰ ਖਾਂ ਆਹਮੋ-ਸਾਹਮਣੇ** - ਕੁਝ ਇਤਿਹਾਸਕਾਰਾਂ ਦਾ ਮਤ ਹੈ ਕਿ ਬੰਦਾ ਬਹਾਦਰ ਅਤੇ ਵਜ਼ੀਰ ਖਾਂ ਦੀ ਆਹਮੋ-ਸਾਹਮਣੇ ਟੱਕਰ ਹੋਈ। ਇਸ ਸਬੰਧ ਵਿਚ ਸਿੱਖਾਂ ਦਾ ਹਰਮਨ-ਪਿਆਰਾ ਅੰਗਰੇਜ਼ ਇਤਿਹਾਸਕਾਰ ਮੈਕਾਲਿਫ਼ ਲਿਖਦਾ ਹੈ - “ਜਦੋਂ ਬਹੁਤ ਸਾਰੇ ਮੁਸਲਮਾਨ ਮਾਰੇ ਗਏ, ਬੰਦਾ ਤੇ ਵਜ਼ੀਰ ਖਾਂ ਆਪਸ ਵਿਚ ਉਲਝੇ।... ਬੰਦੇ ਨੇ ਤਲਵਾਰ ਦੇ ਇਕੋ ਵਾਰ ਨਾਲ ਉਸ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ।” ‘ਸੂਰਜ ਪ੍ਰਕਾਸ਼’ ਨਾਮਕ ਗ੍ਰੰਥ ਦੇ ਲੇਖਕ ਦਾ ਵੀ ਇਹੋ ਵਿਚਾਰ ਹੈ ਕਿ ਵਜ਼ੀਰ ਖਾਂ ਦੀ ਮੌਤ ਬੰਦਾ ਬਹਾਦਰ ਦੇ ਹੱਥੋਂ ਹੋਈ, ਪਰ ਤਲਵਾਰ ਨਾਲ ਨਹੀਂ, ਬਲਕਿ ਗੁਰੂ ਗੋਬਿੰਦ ਸਿੰਘ ਵੱਲੋਂ ਬਖਸ਼ੇ ਤੀਰਾਂ ਵਿਚੋਂ ਇਕ ਨਾਲ। ਪ੍ਰਸਿੱਧ ਗ੍ਰੰਥ ‘ਮਹਿਮਾ ਪ੍ਰਕਾਸ਼’ ਇਸ ਤੱਥ ਦੀ ਪੁਸ਼ਟੀ ਕਰਦਾ ਹੈ। ਇਸ ਸਬੰਧ ਵਿਚ ਭਾਈ ਕਰਮ ਸਿੰਘ, ਆਪਣੀ ਪੁਸਤਕ - ‘ਬੰਦਾ ਬਹਾਦਰ’ ਦੇ ਪੰਨਾ 72 ਉੱਤੇ ਲਿਖਦਾ ਹੈ ਕਿ “ਦੁਵੱਲਿਓਂ ਸੂਰਮੇਂ ਖਟਾ-ਖਟ ਤਲਵਾਰ ਚਲਾ ਰਹੇ ਸਨ ਕਿ ਅਚਨਚੇਤ ਹੀ ਵਜ਼ੀਰ ਖਾਂ ਨੂੰ ਇਕ ਤੀਰ ਜਾ ਲੱਗਾ ਅਤੇ ਉਹ ਧੜਮ ਕਰਕੇ ਘੋੜੇ ਤੋਂ ਜਾ ਡਿੱਗਾ।” ਗਿਆਨੀ ਗਿਆਨ ਸਿੰਘ ਦਾ ਵਿਚਾਰ ਹੈ ਕਿ “ਇਕ ਸਿੰਘ ਦੇ ਤੀਰ ਨਾਲ ਵਜ਼ੀਰ ਖਾਂ ਮਾਰਿਆ ਗਿਆ।... ਫਤਿਹ ਸਿੰਘ ਨੇ ਵਜ਼ੀਰ ਖਾਂ ਦੀ ਲਾਸ਼ ਨੂੰ ਚੁੱਕ ਕੇ ਬੰਦੇ ਕੋਲ ਪਹੁੰਚਾਇਆ।” ਖ਼ੈਰ! ਮੌਤ ਭਾਵੇਂ ਕਿਵੇਂ ਵੀ ਹੋਈ ਹੋਵੇ, ਸਿੱਖਾਂ ਨੇ ਇਸ ਦਾ ਕਰਜ ਵਿਆਜ ਸਮੇਤ ਮੋੜ ਦਿੱਤਾ। (ਕਾਸ਼! ਗੁਰੂ ਸਾਹਿਬ, ਸੂਬੇਦਾਰ ਵਜ਼ੀਰ ਖਾਂ ਦਾ ਅੰਤ ਅਤੇ ਖ਼ਾਲਸੇ ਦੀ ਚੜ੍ਹਤ ਵੇਖ ਸਕਦੇ।) ਵਜ਼ੀਰ ਖਾਂ ਦੀ ਮੌਤ ਨਾਲ ਸ਼ਾਹੀ ਸੈਨਾ ਵਿਚ ਭਗਦੜ ਮਚ ਗਈ ਅਤੇ ਸਿੱਖ ਜਿੱਤ ਦੇ ਝੰਡੇ ਲਹਿਰਾਉਂਦੇ ਸਰਹਿੰਦ ਵੱਲ ਵਧਣ ਲੱਗੇ।

**ਬੰਦਾ ਬਹਾਦਰ ਦਾ ਸਰਹਿੰਦ ’ਤੇ ਕਬਜ਼ਾ** - 14 ਮਈ, 1710 ਈ. ਨੂੰ ਸਿੱਖ, ਜੇਤੂਆਂ ਦੀ ਸ਼ਕਲ ਵਿਚ ਸਰਹਿੰਦ ਵਿਚ ਦਾਖ਼ਲ ਹੋਏ। ਸੋਹਣ ਸਿੰਘ ਆਪਣੀ ਪੁਸਤਕ - ‘ਬੰਦਾ ਦੀ ਬਰੇਵ’ ਦੇ ਪੰਨਾ 84-85 ਉੱਤੇ ਲਿਖਦਾ ਹੈ - “ਵਜ਼ੀਰ ਖਾਂ ਦੀਆਂ ਲੱਤਾਂ ਇਕ ਰੱਸੀ ਨਾਲ ਬੰਨ੍ਹ ਦਿੱਤੀਆਂ ਗਈਆਂ, ਉਸ ਨੂੰ ਸ਼ਹਿਰ ਦੇ ਬਜ਼ਾਰਾਂ ਵਿਚ ਘਸੀਟਿਆ ਗਿਆ ਅਤੇ ਇੰਝ ਕੀਤੇ ਜਾਣ ਮਗਰੋਂ, ਉਸ ਨੂੰ ਇਕ ਦਰੱਖ਼ਤ ਨਾਲ ਬੰਨ੍ਹ ਦਿੱਤਾ ਗਿਆ, ਜਿੱਥੇ ਉਸ ਦੀ ਲਾਸ਼ ਇੱਲਾਂ-ਚੀਲਾਂ ਲਈ ਦਾਅਵਤ ਦੇ ਕੰਮ ਆਈ।” ਸ਼ਾਹੀ ਅਮੀਰਾਂ ਨੂੰ ਲੁੱਟਿਆ ਗਿਆ ਅਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਜਾਂ ਕਹਿ ਲਵੋ, ਜਿਵੇਂ ਪ੍ਰਸਿੱਧ ਹੈ, ਬੰਦਾ ਬਹਾਦਰ ਨੇ ਸਰਹਿੰਦ ਦੀ ‘ਇੱਟ ਨਾਲ ਇੱਟ ਖੜਕਾ ਦਿੱਤੀ।’ ਸੁੱਚਾ ਨੰਦ ਦੀ ਹਵੇਲੀ ਦੀ ਤਬਾਹੀ ਦਾ ਜ਼ਿਕਰ ਕਰਦਿਆਂ ਮੁਹੰਮਦ ਕਾਸਮ ਲਿਖਦਾ ਹੈ - “ਖਾਸ ਕਰਕੇ ਵਜ਼ੀਰ ਖਾਂ ਦੇ ਪੇਸ਼ਕਾਰ ਸੁੱਚਾ ਨੰਦ ਦੀ ਹਵੇਲੀ ਅਤ ਮਾਲ ਦੌਲਤ ਜਿਵੇਂ ਇਸ ਦਿਨ ਲਈ ਹੀ ਬਣੇ ਅਤੇ ਜਮ੍ਹਾਂ ਕੀਤੇ ਹੋਏ ਸਨ ਕਿ ਸਵਰਗਾਂ ਵਰਗੇ ਮਹਿਲ ਕਾਵਾਂ ਦੇ ਅੱਡੇ ਬਣ ਗਏ।” ਲੁੱਟ-ਮਾਰ ਦਾ ਜ਼ਿਕਰ ਕਰਦਿਆਂ ਖਫੀ ਖਾਨ ਲਿਖਦਾ ਹੈ ਕਿ “ਧਨ-ਮਾਲ ਘੋੜੇ, ਹਾਥੀ ਆਦਿ ਬੇਦੀਨਿਆਂ ਦੇ ਹੱਥ ਆਏ।” (ਸਿੱਖ ਇਤਿਹਾਸ ਨੂੰ ਕਲਮਬੰਦ ਕਰਨ ਵੇਲੇ ਬਹੁਤੇ ਮੁਸਲਮਾਨ ਇਤਿਹਾਸਕਾਰਾਂ ਦਾ ਰਵੱਈਆ ਪੱਖਪਾਤੀ ਰਿਹਾ ਹੈ। ਤਾਹੀਉਂ, ਖਫੀ ਖਾਨ ਸਿੱਖਾਂ ਨੂੰ ‘ਬੇਦੀਨੇ’ ਕਹਿੰਦਾ ਹੈ।) 19ਵੀਂ ਸਦੀ ਦਾ ਪ੍ਰਸਿੱਧ ਇਤਿਹਾਸਕਾਰ ਸੱਯਦ ਮੁਹੰਮਦ ਲਤੀਫ਼ ਲਿਖਦਾ ਹੈ - “ਬੰਦਾ ਹੁਣ ਸਰਹਿੰਦ ਵਿਚ ਦਾਖਲ ਹੋਇਆ ਅਤੇ ਸਾਰੇ ਸ਼ਹਿਰ ਨੂੰ ਜੰਗਲੀ ਅਤੇ ਬਦਲਾ-ਲਊ ਢੰਗ ਨਾਲ ਸਜ਼ਾ ਦਿੱਤੀ।” ਲੁੱਟ-ਮਾਰ ਦੇ ਸੰਬੰਧ ਵਿਚ ਡਾ. ਗੰਡਾ ਸਿੰਘ ਲਿਖਦਾ ਹੈ ਕਿ “ਬੰਦੇ ਦੇ ਹੱਥ ਆਏ ਲੁੱਟ ਦੇ ਮਾਲ ਦੀ ਕੀਮਤ ਦਾ ਅੰਦਾਜ਼ਾ 2 ਕਰੋੜ ਹੋਵੇਗਾ, ਜੋ ਕਿ ਵਜ਼ੀਰ ਖਾਂ ਦੀ ਮਲਕੀਅਤ ਸੀ ਅਤੇ ਕੁਝ ਲੱਖ, ਜੋ ਕਿ ਸੁੱਚਾ ਨੰਦ ਅਤੇ ਦੂਸਰਿਆਂ ਦੀ ਮਲਕੀਅਤ ਸੀ।” (ਸੁੱਚਾ ਨੰਦ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਵੇਲੇ ਬਹੁਤ ਹੀ ਭੱਦੀ ਭੂਮਿਕਾ ਨਿਭਾਈ ਸੀ।)

**ਸਿੱਖ ਰਾਜ ਦੀ ਸਥਾਪਨਾ ਦਾ ਮੁੱਢ ਬੰਨ੍ਹਿਆ** - ਸਰਹਿੰਦ ’ਤੇ ਕਾਬਜ਼ ਹੋਣ ਉਪਰੰਤ ਬੰਦਾ ਬਹਾਦਰ ਨੇ ਆਪਣੇ ਇਕ ਸਿਰਕੱਢ ਜਰਨੈਲ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਨਿਯੁਕਤ ਕੀਤਾ ਅਤੇ ਭਾਈ ਆਲੀ ਸਿੰਘ ਨੂੰ ਉਸ ਦਾ ਡਿਪਟੀ ਥਾਪਿਆ। ਬੰਦਾ ਬਹਾਦਰ ਨੇ ਸਢੌਰਾ ਅਤੇ ਨਾਹਨ ਵਿਚਕਾਰ ਮੁਖਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਅਤੇ ਇਸ ਨੂੰ ‘ਲੋਹਗੜ੍ਹ’ ਦਾ ਨਾਂ ਦਿੱਤਾ। ਇਸੇ ਚੜ੍ਹਤ ਦੌਰਾਨ ਬੰਦਾ ਬਹਾਦਰ ਨੇ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ ਉੱਤੇ ਸਿੱਕਾ ਜਾਰੀ ਕਰਕੇ ਸੁਤੰਤਰ ਸਿੱਖ ਰਾਜ ਦੀ ਘੋਸ਼ਣਾ ਕੀਤੀ ਅਤੇ ਸੱਤ ਸੌ ਸਾਲ ਤੋਂ ਪਏ ਗ਼ੁਲਾਮੀ ਦੇ ਜੂਲੇ ਨੂੰ ਪੰਜਾਬ ਦੇ ਗਲੋਂ ਲਾਹੁਣ ਦੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਇਤਿਹਾਸ ਕੁਝ ਸਮੇਂ ਲਈ ਸਿੱਖਾਂ ਦੇ ਹੱਥਾਂ ਵਿਚ ‘ਪਾਲਤੂ’ ਬਣ ਗਿਆ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਇਤਿਹਾਸ ਦੀ ਸਿਰਜਣਾ ਕਰਨ ਲੱਗੇ। ਇਹ ਸਰਹਿੰਦ ਦੀ ਜਿੱਤ ਦਾ ਹੀ ਸਿੱਟਾ ਸੀ ਕਿ ਇਕ ‘ਬਚੂੰਗੜੀ’ ਕੌਮ ਨੇ ਅਚਾਨਕ ਕੱਦ ਕੱਢਿਆ ਅਤੇ ਭਾਰਤ ਦੇ ਨਕਸ਼ੇ ’ਤੇ ਪਹਿਲੀ ਵੇਰ ਇਕ ਰਾਜਸੀ ਤਾਕਤ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਈ। ਇਸ ਤੋਂ ਬਾਅਦ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਸਲਤਨਤ ਹੋਂਦ ਵਿਚ ਆਈ। ਹੁਣ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਰਹਿ ਜਾਂਦਾ ਕਿ ਬੰਦਾ ਬਹਾਦਰ ਦੀ ਕਮਾਨ ਹੇਠ ਸਰਹਿੰਦ ’ਤੇ ਕਬਜ਼ਾ, ਸਿੱਖ ਰਾਜ ਦੇ ਨੀਂਹ-ਪੱਥਰ ਦੀ ਹੈਸੀਅਤ ਰੱਖਦਾ ਹੈ।

# ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ ਤੇ ਸੰਗਮਰਮਰ ਲੁਆਉਣਾ

ਗਿਆਨੀ ਚੇਤ ਸਿੰਘ



ਪਤਾ ਲੱਗਾ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ 17 ਜੂਨ, 1923 ਨੂੰ ਹੋ ਰਹੀ ਹੈ। ਮਹਾਂਪੁਰਖਾਂ ਨੇ ਭੀ ਬਹੁਤ ਸਾਰੀ ਸੰਗਤ ਸਮੇਤ ਕਾਰ ਸੇਵਾ ਲਈ ਉਦਮ ਕੀਤਾ। ਆਪ ਜੀ ਦੇ ਨਾਲ ਦਾਸ ਭੀ ਦਰਸ਼ਨਾਂ ਲਈ ਤਿਆਰ ਹੋਇਆ। ਸਾਰੀ ਸੰਗਤ ਸ੍ਰੀ ਅੰਮ੍ਰਿਤਸਰ ਇਕ ਦਿਨ ਪਹਿਲੇ ਪੁੱਜੀ। ਗਿ. ਅਮੀਰ ਸਿੰਘ ਹੋਰਾਂ ਦੇ ਡੇਰੇ ਵਿਚ ਰਿਹਾਇਸ਼ ਰੱਖੀ। ਸਵੇਰੇ ਉੱਠੇ, ਇਸ਼ਨਾਨ ਆਦਿ ਕਿਰਿਆ ਸਾਧ ਕੇ ਦਰਸ਼ਨਾਂ ਲਈ ਪੁੱਜੇ। ਸੰਗਤਾਂ ਦਾ ਇਕੱਠ, ਜਿਸ ਦਾ ਕੋਈ ਪਾਰਾਵਾਰ ਨਹੀਂ ਸੀ। ਕੋਸ਼ਿਸ਼ ਕੀਤੀ ਕਿ ਪਿਪਲੀ ਸਾਹਿਬ ਤੋਂ ਨਗਰ ਕੀਰਤਨ ਨਿਕਲਣਾ ਹੈ ਤੇ ਘੰਟਾ ਘਰ ਆ ਕੇ ਸਮਾਪਤ ਹੋਣਾ ਹੈ, ਪਹਿਲੇ ਪਿਪਲੀ ਸਾਹਿਬ ਚਲਕੇ ਦਰਸ਼ਨ ਕਰੀਏ। ਦਾਸ ਤੇ ਹੋਰ ਪ੍ਰੇਮੀ ਪੈਦਲ ਹੀ ਪਿਪਲੀ ਸਾਹਿਬ ਪੁੱਜੇ, ਦੌੜ-ਭੱਜ ਕੀਤੀ, ਘੰਟੇ ਘਰ ਪੁੱਜੇ, ਪਰ ਨਗਰ ਕੀਰਤਨ ਦਾ ਅਗਲਾ ਸਿਰਾ ਨਾ ਦੇਖ ਸਕੇ। ਭਾਵ ਲੱਖਾਂ ਦੀ ਗਿਣਤੀ ਦਾ ਸੰਗਤਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਸੀ। ਮਹਾਰਾਜਾ ਪਟਿਆਲਾ ਭੂਪਿੰਦਰ ਸਿੰਘ ਭੀ ਸੇਵਾ ਲਈ ਪੁੱਜੇ ਸਨ। ਬਾਬਾ ਸ਼ਾਮ ਸਿੰਘ ਆਦਿ ਪੰਜ ਪਿਆਰੇ ਸੋਨੇ ਦੀਆਂ ਕਹੀਆਂ ਤੇ ਚਾਂਦੀ ਦੇ ਬਾਟੇ ਲੈ ਕੇ ਹਰਿ ਕੀ ਪੌੜੀ ਪੁੱਜੇ। ਕਾਰ ਸੇਵਾ ਦਾ ਅਰੰਭ ਕੀਤਾ। ਪਰ ਸੈਂਟਰਲ ਮਾਝਾ ਦੀਵਾਨ ਦਾ ਤੇ ਕਾਰ ਸੇਵਾ ਕਮੇਟੀ ਦੇ ਮਤਭੇਦ ਕਾਰਨ, ਸੈਂਟਰਲ ਮਾਝਾ ਦੀਵਾਨ ਨੇ ਇਲਾਚੀ ਬੇਰ ਦੇ ਪਾਸ ਲੋਹੇ ਦੀਆਂ ਕਹੀਆਂ ਨਾਲ ਪਹਿਲੇ ਹੀ ਕਾਰ ਸੇਵਾ ਸ਼ੁਰੂ ਕਰ ਦਿੱਤੀ। ਕਿਉਂਕਿ ਸੈਂਟਰਲ ਮਾਝਾ ਦੀਵਾਨ ਸੋਨੇ ਦੀਆਂ ਕਹੀਆਂ ਤੇ ਚਾਂਦੀ ਦੇ ਬਾਟਿਆਂ ਦੇ ਖਿਲਾਫ ਸੀ। ਮਹਾਰਾਜਾ ਪਟਿਆਲਾ ਨੇ ਭੀ ਕਾਰ ਸੇਵਾ ਦਾ ਬਾਟਾ ਆਪਣੇ ਸਿਰ ਤੇ ਚੁੱਕ ਕੇ ਸੇਵਾ ਕੀਤੀ। ਸੰਤ ਬਾਬਾ ਪ੍ਰੇਮ ਸਿੰਘ ਜੀ ਭੀ ਆਪਣੇ ਸਿਰ ਤੇ ਕਾਰ ਸੇਵਾ ਦਾ ਬਾਟਾ ਰੱਖ ਕੇ ਸੇਵਾ ਕੀਤੀ। ਇਸ ਮਹਾਨ ਸੇਵਾ ਦੇ ਸਮੇਂ ਸੰਤ ਬਾਬਾ ਪ੍ਰੇਮ ਸਿੰਘ ਜੀ ਨੇ, ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਲੇ ਦੱਖਣ ਵਾਲੇ ਪਾਸੇ, ਜਿਥੇ ਸੰਗਮਰਮਰ ਲੱਗਣ ਵਾਲਾ ਸੀ, ਉਸ ਪਾਸੇ ਦੀ ਸੰਗਮਰਮਰ ਦੀ ਸੇਵਾ ਕਰਾਉਣ ਲਈ ਮਾਇਆ ਅਰਦਾਸ ਕਰਾ ਦਿੱਤੀ। ਆਪ ਜੀ ਦੇ ਨਾਮ ਦਾ ਪੱਥਰ ਸ੍ਰੀ ਦਰਬਾਰ ਸਾਹਿਬ ਦੇ ਦੱਖਣ ਵਾਲੇ ਪਾਸੇ ਲੱਗਾ ਹੋਇਆ ਹੁਣ ਭੀ ਸੁਭਾਇਮਾਨ ਹੋ ਰਿਹਾ ਹੈ। ਇਸ ਤਰ੍ਹਾਂ ਆਪ ਜੀ ਦੇ ਅੰਦਰ ਗੁਰ ਅਸਥਾਨਾਂ ਦੀ ਸੇਵਾ ਦਾ ਕਿਤਨਾ ਉਤਸ਼ਾਹ ਸੀ ਤੇ ਕਿਤਨੀ ਉਦਾਰਤਾ ਸੀ। ਸੇਵਾ ਕਰਕੇ ਆਪ ਵਾਪਸ ਮੁਰਾਲੇ ਪੁੱਜ ਗਏ।

## ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ...

# ਮਹਾਰਾਜੇ ਦੀਆਂ ਜਿੱਤਾਂ ਦੀ ਮਹੱਤਤਾ ਅਤੇ ਲੇਖਾ-ਜੋਖਾ

ਕਿਰਪਾਲ ਸਿੰਘ ਰਿਸਰਚ ਸਕਾਲਰ

ਪਿਛਲੇ ਅਧਿਆਵਾਂ ਵਿਚ ਅਸੀਂ ਮਹਾਰਾਜਾ ਰਣਜੀਤ ਸਿੰਘ ਦੇ ਈਸਟ ਇੰਡੀਆ ਕੰਪਨੀ (ਅੰਗਰੇਜ਼ਾਂ) ਨਾਲ ਅੰਮ੍ਰਿਤਸਰ ਦੀ 1809 ਦੀ ਸੰਧੀ ਹੋਣ ਤੱਕ ਸੰਬੰਧਾਂ ਦਾ ਲੇਖਾ-ਜੋਖਾ ਪੇਸ਼ ਕਰ ਚੁੱਕੇ ਹਾਂ। ਸੰਨ 1809 ਤੋਂ ਮਹਾਰਾਜੇ ਦੇ ਅਕਾਲ ਚਲਾਣੇ (ਸੰਨ 1839) ਤੱਕ ਅੰਗਰੇਜ਼ਾਂ ਨਾਲ ਸੰਬੰਧਾਂ ਦਾ ਸਮਾਂ ਬਹੁਤ ਅਹਿਮ ਮੰਨਿਆ ਜਾਂਦਾ ਹੈ। 1809 ਦੀ ਸੰਧੀ ਨਾਲ ਸਿੱਖਾਂ ਅਤੇ ਅੰਗਰੇਜ਼ਾਂ ਦਰਮਿਆਨ ਫੌਰੀ ਜੰਗ ਤਾਂ ਟਲ ਗਈ ਪਰ ਦੋਹਾਂ ਸ਼ਕਤੀਆਂ ਦੇ ਦਿਲਾਂ ਅੰਦਰ ਉਪਜੀਆਂ ਸ਼ੱਕੀ ਭਾਵਨਾਵਾਂ ਸਮਾਪਤ ਨਾ ਹੋਈਆਂ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸਮੇਂ ਨਵੀਂ-ਨਵੀਂ ਸੱਤਾ ਹਾਸਿਲ ਕੀਤੀ ਸੀ ਅਤੇ ਉਹ ਅੰਗਰੇਜ਼ੀ ਸਾਮਰਾਜ ਦੀ ਵਿਸ਼ਾਲ ਫ਼ੌਜੀ ਤਾਕਤ ਤੋਂ ਵੀ ਭਲੀ-ਭਾਂਤ ਜਾਣੂੰ ਸੀ। ਉਹ ਇਸ ਗੱਲ ਨੂੰ ਵੀ ਜਾਣਦਾ ਸੀ ਕਿ ਅੰਗਰੇਜ਼ ਕਿਸ ਤਰ੍ਹਾਂ ਘੁਣ ਵਾਂਗ ਸਾਰੇ ਹਿੰਦੁਸਤਾਨ ਨੂੰ ਹੌਲੀ-ਹੌਲੀ ਖਾਈ ਜਾ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੀ ਵੱਧ ਰਹੀ ਤਾਕਤ ਅੰਗਰੇਜ਼ਾਂ ਨੂੰ ਰੜਕਦੀ ਸੀ। ਅੰਗਰੇਜ਼ਾਂ ਨੇ ਆਪ ਹੀ ਮਹਾਰਾਜੇ ਨੂੰ ਸੰਧੀ ਕਰਨ ਲਈ ਜ਼ੋਰ ਪਾਇਆ ਅਤੇ ਆਪ ਹੀ ਸ਼ੱਕ ਕਰਨ ਲੱਗ ਪਏ। ਉਹਨਾਂ ਨੇ ਮਹਾਰਾਜੇ ਦੇ ਦਰਬਾਰ ਅਤੇ ਸੈਨਾਵਾਂ ਦੁਆਲੇ ਬਹੁਤ ਸੋਚੀ ਸਮਝੀ ਨੀਯਤ ਨਾਲ ਜਾਸੂਸਾਂ ਦਾ ਜਾਲ ਵਿਛਾ ਦਿੱਤਾ, ਜੋ ਮਹਾਰਾਜੇ ਦੀਆਂ ਸੈਨਾਵਾਂ ਦੀ ਹਰਕਤ ਅਤੇ ਦਰਬਾਰ ਦੀਆਂ ਨਿੱਕੀਆਂ ਮੋਟੀਆਂ ਜਾਣਕਾਰੀਆਂ ਦਿੱਲੀ ਅਤੇ ਕਲਕੱਤਾ ਵਿਖੇ ਸਥਿਤ ਕੰਪਨੀ ਦੇ ਹੈੱਡ ਆਫਿਸ ਨੂੰ ਭੇਜਦੇ ਸਨ। ਉਹ ਅਕਸਰ ਇਨ੍ਹਾਂ ਰਿਪੋਰਟਾਂ ਨੂੰ ਵਧਾ-ਚੜ੍ਹਾਅ ਕੇ ਲਿਖਦੇ, ਜਿਸ ਕਰਕੇ ਬੇ-ਵਿਸ਼ਵਾਸੀ ਦਾ ਮਾਹੌਲ ਗਰਮ ਹੋਣ ਲੱਗਾ। ਇਸ ਹਾਲਤ ਵਿਚ ਉਦੋਂ ਕੁਝ ਕਮੀ ਆਈ ਜਦੋਂ ਸੰਨ 1812 ਵਿਚ ਮਹਾਰਾਜਾ ਰਣਜੀਤ ਸਿੰਘ ਨੇ ਕਰਨਲ ਆਕਟਰਲੋਨੀ ਨੂੰ ਆਪਣੇ ਪੁੱਤਰ ਖੜਕ ਸਿੰਘ ਦੇ ਵਿਆਹ ਦਾ ਸੱਦਾ-ਪੱਤਰ ਭੇਜਿਆ। ਇਸ ਸਮੇਂ ਇਹ ਅੰਗਰੇਜ਼ ਅਫ਼ਸਰ ਲੁਧਿਆਣੇ ਵਿਖੇ ਕੰਪਨੀ ਦੀ ਫ਼ੌਜੀ ਛਾਉਣੀ ਵਿਖੇ ਤਾਇਨਾਤ ਸੀ। ਜੋ ਮਹਾਰਾਜੇ ਬਾਬਤ ਝੂਠੀਆਂ ਅਤੇ ਬੇ-ਬੁਨਿਆਦ ਖੁਫ਼ੀਆ ਰਿਪੋਰਟਾਂ ਕਾਰਨ ਕਸ਼ੀਦਗੀ ਹੋਂਦ ਵਿਚ ਆਈ, ਉਹ ਘਟ ਗਈ ਸੀ। ਇਧਰ ਮਹਾਰਾਜੇ ਨੇ ਵੀ ਅੰਗਰੇਜ਼ੀ ਫ਼ੌਜੀ ਗਤੀਵਿਧੀਆਂ ਦੇਖਦਿਆਂ ਫਿਲੌਰ ਵਿਖੇ ਇਕ ਛੋਟੇ ਜਿਹੇ ਮਜ਼ਬੂਤ ਕਿਲ੍ਹੇ ਦਾ ਨਿਰਮਾਣ ਕਰਵਾਇਆ ਅਤੇ ਦੀਵਾਨ ਮੋਹਕਮ ਚੰਦ ਨੂੰ ਉਥੋਂ ਦਾ ਸੈਨਾਪਤੀ ਨਿਯੁਕਤ ਕੀਤਾ ਪਰ ਜਦੋਂ ਕਰਨਲ ਆਕਟਰਲੋਨੀ, ਕੰਵਰ ਖੜਕ ਸਿੰਘ ਦੇ ਵਿਆਹ ਵਿਚ ਸ਼ਾਮਲ ਹੋਇਆ ਤਾਂ ਉਸ ਦਾ ਨਿੱਘਾ ਅਤੇ ਸ਼ਾਹੀ ਸਵਾਗਤ ਕੀਤਾ ਗਿਆ ਅਤੇ ਮਹਾਰਾਜੇ ਨੇ ਉਸ ਦੀ ਮਹਿਮਾਨ ਨਿਵਾਜ਼ੀ ਵਿਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ। ਇਸ ਪਿੱਛੋਂ ਆਪਸੀ ਬੇ-ਵਿਸ਼ਵਾਸੀ ਦੀ ਹਵਾ ਰੁਕ ਗਈ ਅਤੇ ਹਾਲਾਤ ਆਮ ਵਰਗੇ ਹੋ ਗਏ।

ਇਸ ਤੋਂ ਬਾਅਦ, ਸੰਨ 1812 ਅਤੇ 1822 ਦਰਮਿਆਨ ਦੇ ਸਾਲ ਪੰਜਾਬ ਵਿਚ ਮਹਾਰਾਜੇ ਵੱਲੋਂ ਫ਼ੌਜੀ ਕਾਰਵਾਈਆਂ ਨਾਲ ਭਰਪੂਰ ਹਨ। ਇਸ ਸਮੇਂ ਦੌਰਾਨ ਮਹਾਰਾਜਾ ਕਸ਼ਮੀਰ, ਮੁਲਤਾਨ, ਡੇਰਾਜਾਤ ਅਤੇ ਪਿਸ਼ਾਵਰ ਦੀਆਂ ਫ਼ੌਜੀ ਮੁਹਿੰਮਾਂ ਵਿਚ ਰੁਝਿਆ ਰਿਹਾ। ਇਹਨਾਂ ਦਸਾਂ ਸਾਲਾਂ ਵਿਚ ਮਹਾਰਾਜੇ ਅਤੇ ਕੰਪਨੀ ਦੇ ਗਵਰਨਰ ਜਨਰਲ ਦਰਮਿਆਨ ਤੁਹਫ਼ਿਆਂ, ਪ੍ਰਸੰਸਾ-ਪੱਤਰਾਂ ਅਤੇ ਪ੍ਰਾਹੁਣਾਚਾਰੀ ਦਾ ਮਾਹੌਲ ਗਰਮ ਰਿਹਾ ਪਰ ਅੰਗਰੇਜ਼ ਫਿਰ ਵੀ ਮਹਾਰਾਜੇ ਦੀਆਂ ਫ਼ੌਜੀ ਜਿੱਤਾਂ ਅਤੇ ਹੋਰ ਮਾਮਲੇ ਬੜੇ ਗੌਰ ਨਾਲ ਵਾਚਦੇ ਰਹੇ। ਮਹਾਰਾਜੇ ਦੀਆਂ ਉੱਤਰ-ਪੱਛਮੀ ਫ਼ੌਜੀ ਮੁਹਿੰਮਾਂ ਦੌਰਾਨ ਅੰਗਰੇਜ਼ ਨਿਰਪੱਖ ਰਹੇ। ਜਦੋਂ ਸੰਨ 1815 ਵਿਚ ਨਿਪਾਲ ਵੱਲੋਂ ਗੋਰਖਾ ਵਕੀਲ ਮਹਾਰਾਜੇ ਪਾਸ ਅੰਗਰੇਜ਼ਾਂ ਖਿਲਾਫ਼ ਮੱਦਦ ਲਈ ਆਇਆ ਤਾਂ ਮਹਾਰਾਜੇ ਨੇ ਸਾਫ਼ ਇਨਕਾਰ ਕਰ ਦਿੱਤਾ। ਇਸੇ ਤਰ੍ਹਾਂ ਜਦੋਂ ਸੰਨ 1821 ਵਿਚ ਆਪਾ ਸਾਹਿਬ ਨੇ ਮਹਾਰਾਜੇ ਪਾਸੋਂ ਅੰਗਰੇਜ਼ਾਂ ਖਿਲਾਫ਼ ਮੱਦਦ ਮੰਗੀ ਤਾਂ ਉਦੋਂ ਵੀ ਮਹਾਰਾਜੇ ਨੇ ਉਨ੍ਹਾਂ ਦੀ ਆਪਸੀ ਖਿੱਚੋਤਾਣ ਵਿਚ ਪੈਣ ਤੋਂ ਨਾਂਹ ਕਰ ਦਿੱਤੀ।

ਇਨ੍ਹਾਂ ਸਾਲਾਂ ਦੌਰਾਨ ਈਸਟ ਇੰਡੀਆ ਕੰਪਨੀ ਦੇ ਰੁਝੇਵਿਆਂ ਨੂੰ ਅਗਰ ਗਹੁ ਨਾਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਅੰਗਰੇਜ਼ਾਂ ਦੀ ਮਹਾਰਾਜਾ ਰਣਜੀਤ ਸਿੰਘ ਵੱਲ ਇਹ ਨਿਰਪੱਖ ਨੀਤੀ ਉਹਨਾਂ ਦੀ ਆਪਣੀ ਮਜ਼ਬੂਤੀ ਹੀ ਸੀ। ਸੰਨ 1813 ਵਿਚ ਲਾਰਡ ਹੇਸਟਿੰਗਜ਼ ਵੱਲੋਂ ਕੰਪਨੀ ਦੇ ਗਵਰਨਰ ਜਰਨਲ ਦਾ ਅਹੁਦਾ ਸੰਭਾਲਣ ਤੋਂ ਬਾਅਦ ਉਸ ਨੇ ਆਪ ਸੱਤ ਵੱਖਰੇ ਝਗੜਿਆਂ ਦੀ ਪਹਿਚਾਨ ਕੀਤੀ ਸੀ ਜਿਹੜੇ ਤਾਕਤ ਦੇ ਜ਼ੋਰ ਨਾਲ ਹੱਲ ਕਰਨੇ ਸਨ। ਇਨ੍ਹਾਂ ਵਿਚੋਂ ਮਹਾਰਾਜਾ ਰਣਜੀਤ ਸਿੰਘ ਬਾਬਤ ਕੁਝ ਨਾ ਹੋਣਾ ਇਹ ਦੱਸਦਾ ਹੈ ਕਿ ਅੰਗਰੇਜ਼ ਪਹਿਲਾਂ ਆਪਣੇ ਆਲੇ ਦੁਆਲੇ ਨੂੰ ਮਜ਼ਬੂਤ ਕਰ ਕੇ ਉਸ ਤੋਂ ਬਾਅਦ ਹੀ ਮਹਾਰਾਜਾ ਰਣਜੀਤ ਸਿੰਘ ਵੱਲ ਕੋਈ ਵਿਸ਼ੇਸ਼ ਧਿਆਨ ਦੇਣਾ ਚਾਹੁੰਦੇ ਸਨ। ਲਾਰਡ ਹੇਸਟਿੰਗਜ਼ ਦੇ ਵਿਚਾਰ ਆਪਣੇ ਤੋਂ ਪਹਿਲੇ ਗਵਰਨਰ ਜਨਰਲ ਲਾਡਰ ਵੈਲਜ਼ਲੀ ਦੀਆਂ ਦੇਸੀ ਰਿਆਸਤਾਂ ਪ੍ਰਤੀ ਨੀਤੀਆਂ ਤੋਂ ਉਲਟ ਸਨ। ਲਾਰਡ ਹੇਸਟਿੰਗਜ਼ ਨੇ ਸਭ ਤੋਂ ਪਹਿਲਾਂ ਨਿਪਾਲ ਦੇ ਗੋਰਖਿਆਂ ਨੂੰ ਨੱਥ ਪਾਈ, ਕਿਉਂਕਿ ਉਨ੍ਹਾਂ ਨੇ ਕੰਪਨੀ ਦੀ ਦਖਲ ਨਾ ਦੇਣ ਦੀ ਨੀਤੀ ਤੋਂ ਫਾਇਦਾ ਉਠਾਉਂਦਿਆਂ ਹੋਇਆਂ ਗੰਗਾ ਦਰਿਆ ਦੇ ਮੈਦਾਨੀ ਇਲਾਕਿਆਂ ਵਿਚ ਲੁੱਟ ਮਾਰ ਕਰਨੀ ਸ਼ੁਰੂ ਕੀਤੀ ਹੋਈ ਸੀ। ਉਨ੍ਹਾਂ ਉੱਤੇ ਸਰ ਜਾਰਜ ਬਾਰਲੋ ਅਤੇ ਲਾਰਡ ਮਿੰਟੋ ਦੀਆਂ ਅਪੀਲਾਂ ਦਾ ਰਤਾ ਵੀ ਅਸਰ ਨਹੀਂ ਹੋਇਆ ਸੀ। ਅੰਗਰੇਜ਼ਾਂ ਵਾਸਤੇ ਨਿਪਾਲ ਦੇ ਪਹਾੜੀ ਅਤੇ ਖੂੰਖਾਰ ਜੰਗਲੀ ਇਲਾਕਿਆਂ ਵਿਚੋਂ ਗੁਜ਼ਰ ਕੇ ਨਿਪਾਲੀ ਗੋਰਖਿਆਂ ਨੂੰ ਹਰਾਉਣਾ ਕੋਈ ਸੌਖਾ ਕੰਮ ਨਹੀਂ ਸੀ। ਕਈ ਸਾਲਾਂ ਦੇ ਉਤਾਰ-ਚੜ੍ਹਾਅ ਤੋਂ ਬਾਅਦ ਸੰਨ 1814 ਵਿਚ ਜਨਰਲ ਆਕਟਰਲੋਨੀ ਨੇ ਕਾਠਮੰਡੂ 'ਤੇ ਕਬਜ਼ਾ ਕੀਤਾ ਅਤੇ ਸੰਨ 1816 ਵਿਚ ਸਗਾਊਲੀ ਦੀ ਸੰਧੀ ਕਰ ਕੇ ਤਰਾਈ ਦੇ

ਇਲਾਕੇ ਅਤੇ ਸਿੱਕਮ ਨੂੰ ਹਾਸਲ ਕੀਤੀ। ਉਸ ਨੇ ਸ਼ਿਮਲਾ, ਮੰਸੂਰੀ ਅਤੇ ਨੈਨੀਤਾਲ ਜਿਹੇ ਹਿੱਲ ਸਟੇਸ਼ਨ ਵੀ ਹਾਸਿਲ ਕੀਤੇ, ਪਰ ਨਿਪਾਲ 'ਤੇ ਕਬਜ਼ਾ ਨਾ ਕੀਤਾ। ਇਸੇ ਤਰ੍ਹਾਂ ਕੇਂਦਰੀ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿਚ ਸਰਗਰਮ ਪਿੰਡਾਂਰੀ ਲੁਟੇਰਿਆਂ ਨੂੰ ਖਤਮ ਕਰਨ ਲਈ ਇਕ ਲੱਖ ਵੀਹ ਹਜ਼ਾਰ ਦੀ ਫੌਜ ਅਤੇ ਤਿੰਨ ਸੌ ਤੋਪਾਂ ਦਾ ਇੰਤਜ਼ਾਮ ਕੀਤਾ ਅਤੇ ਉਨ੍ਹਾਂ ਨੂੰ ਖਤਮ ਕੀਤਾ। ਇਸਦੇ ਨਾਲ ਹੀ ਮਰਹੱਟਿਆਂ ਨੂੰ ਕਰਾਰੀ ਹਾਰ ਦਿੱਤੀ। ਸੰਨ 1817 ਵਿਚ ਮਰਹੱਟਿਆਂ ਨਾਲ ਹੋਈ ਲੜਾਈ ਨੂੰ ਤੀਜੀ ਮਰਹੱਟਾ ਜੰਗ ਕਿਹਾ ਜਾਂਦਾ ਹੈ, ਜਿਸ ਨਾਲ ਮਰਹੱਟਿਆਂ ਦੀ ਤਾਕਤ ਲਗਪਗ ਖਤਮ ਹੋ ਗਈ ਸੀ। ਸੰਨ 1818 ਵਿਚ ਬਾਜੀ ਰਾਓ ਦੂਜੇ ਨੇ ਆਤਮ ਸਮਰਪਣ ਕਰ ਦਿੱਤਾ ਅਤੇ ਦੱਖਣ 'ਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਗਿਆ। ਸੰਨ 1823 ਵਿਚ ਲਾਰਡ ਹੇਸਟਿੰਗਜ਼ ਨੇ ਪਦ ਤਿਆਗ ਦਿੱਤਾ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸੰਨ 1815 ਤੋਂ 1823 ਦੇ ਸਮੇਂ ਦਰਮਿਆਨ ਅੰਗਰੇਜ਼ਾਂ ਨੇ ਅਗਰ ਮਹਾਰਾਜਾ ਰਣਜੀਤ ਸਿੰਘ ਦੀਆਂ ਉੱਤਰ ਪੱਛਮੀ ਮੁਹਿੰਮਾਂ ਵੱਲ ਜੇਕਰ ਕੋਈ ਖਾਸ ਧਿਆਨ ਨਹੀਂ ਦਿੱਤਾ ਤਾਂ ਇਹ ਉਨ੍ਹਾਂ ਦੀ ਮਜਬੂਰੀ ਸੀ। ਅੰਗਰੇਜ਼ ਆਪਣੇ ਹਿੱਤਾਂ ਵਾਸਤੇ ਕਿਸੇ ਵੀ ਤਰ੍ਹਾਂ ਦੀ ਕੀਤੀ ਹੋਈ ਸੰਧੀ ਨੂੰ ਤੋੜਨ ਵਿਚ ਜ਼ਰਾ ਵੀ ਦੇਰ ਨਹੀਂ ਕਰਦੇ ਸੀ। ਲਾਰਡ ਹੇਸਟਿੰਗਜ਼ ਨੇ ਸਿੰਧੀਆ ਅਤੇ ਹੋਲਕਰ ਨਾਲ ਸੰਨ 1805 ਦੀ ਸੰਧੀ ਨੂੰ ਤੋੜਨ ਦਾ ਆਪੇ ਐਲਾਨ ਕਰ ਦਿੱਤਾ ਸੀ। ਅੰਗਰੇਜ਼ਾਂ ਵਾਸਤੇ ਸੰਨ 1809 ਦੀ ਅੰਮ੍ਰਿਤਸਰ ਸੰਧੀ ਨੂੰ ਕਿਸੇ ਵੇਲੇ ਵੀ ਤੋੜਨਾ ਕੋਈ ਸੌਖੀ ਗੱਲ ਨਹੀਂ ਸੀ। ਇਸ ਕਰਕੇ ਅਸੀਂ ਸਹਿਜੇ ਹੀ ਇਸ ਨਿਰਣੇ 'ਤੇ ਪਹੁੰਚਦੇ ਹਾਂ ਕਿ ਅੰਗਰੇਜ਼ ਜੋ ਕੁਝ ਵੀ ਕਰਦੇ, ਸਿਰਫ਼ ਆਪਣੇ ਹੀ ਹਿੱਤਾਂ ਵਾਸਤੇ ਕਰਦੇ। ਜੇ ਉਹ ਕੁਝ ਚਿਰ ਚੁੱਪ ਰਹੇ ਤਾਂ ਉਹ ਤੂਫ਼ਾਨ ਤੋਂ ਪਹਿਲਾਂ ਦੀ ਸ਼ਾਂਤੀ ਸੀ। ਇਥੇ ਇਕ ਹੋਰ ਗੱਲ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਇਨ੍ਹਾਂ ਸਾਲਾਂ ਦਰਮਿਆਨ ਈਸਟ ਇੰਡੀਆ ਕੰਪਨੀ ਵਿੱਤੀ ਸੰਕਟ ਵਿਚ ਬੁਰੀ ਤਰ੍ਹਾਂ ਫਸੀ ਹੋਈ ਸੀ ਅਤੇ ਇਸ ਸੰਕਟ ਵਿਚੋਂ ਨਿਕਲਣ ਦੇ ਉਪਾਅ ਲੱਭ ਰਹੀ ਸੀ। ਸੰਨ 1813 ਤੋਂ ਬਾਅਦ ਕੰਪਨੀ ਅਤੇ ਇੰਗਲੈਂਡ ਦਰਮਿਆਨ ਵਪਾਰਕ ਘਾਟਾ ਵਧ ਰਿਹਾ ਸੀ ਅਤੇ ਇਹ ਕੰਪਨੀ ਭਾਰਤੀ ਹਿੱਸੇ ਦੇ ਹੱਕ ਵਿਚ ਨਹੀਂ ਸੀ। ਇਸ ਦਾ ਮੁੱਖ ਕਾਰਨ ਕੰਪਨੀ ਵੱਲੋਂ ਭਾਰਤ ਵਿਚ ਜੰਗੀ ਮੁਹਿੰਮਾਂ 'ਤੇ ਬਹੁਤ ਜ਼ਿਆਦਾ ਧਨ ਖਰਚ ਕਰਨਾ ਮੰਨਿਆ ਗਿਆ ਸੀ। ਇਸ ਤਰ੍ਹਾਂ ਅੰਗਰੇਜ਼ ਹਿੰਦੁਸਤਾਨ ਉਪਰ ਵਪਾਰਕ ਲਾਭ-ਹਾਨੀਆਂ ਨੂੰ ਮੁੱਖ ਰੱਖ ਕੇ ਵੀ ਚੱਲ ਰਹੇ ਸਨ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:-73470-65188**

# ਆਓ ਜਾਣੀਏ !

- ਸੰਪਾਦਕ

1. "ਦਸਵੰਧ" ਪ੍ਰਥਾ ਕਿਸ ਦੁਆਰਾ ਸ਼ੁਰੂ ਕੀਤੀ ਗਈ?

ੳ) ਗੁਰੂ ਰਾਮਦਾਸ    ਅ) ਗੁਰੂ ਅਰਜਨ ਦੇਵ

ੲ) ਗੁਰੂ ਹਰਗੋਬਿੰਦ    ਸ) ਗੁਰੂ ਗੋਬਿੰਦ ਸਿੰਘ    (ਅ)

2. ਦਸਵੰਧ ਪ੍ਰਥਾ ਤੋਂ ਕੀ ਭਾਵ ਹੈ?

ੳ) ਭੂਮੀ ਕਰ    ਅ) ਆਮਦਨ ਦਾ 10ਵਾਂ ਹਿੱਸਾ

ੲ) ਧਾਰਮਿਕ ਕਰ    ਸ) ਯਾਤਰਾ ਕਰ    (ਅ)

3. ਚੰਦੂ ਸ਼ਾਹ ਕੌਣ ਸੀ?

ੳ) ਸਿੱਖ ਸ਼ਰਧਾਲੂ    ਅ) ਮੁਗਲ ਸੈਨਾਪਤੀ

ੲ) ਪਹਾੜੀ ਰਾਜਾ    ਸ) ਲਾਹੌਰ ਦਾ ਦੀਵਾਨ    (ਸ)

4. ਕਰਤਾਰਪੁਰ ਨਗਰ ਕਿਹੜੇ ਜ਼ਿਲ੍ਹੇ ਵਿਚ ਸਥਿਤ ਹੈ?

ੳ) ਹੁਸ਼ਿਆਰਪੁਰ    ਅ) ਲੁਧਿਆਣਾ

ੲ) ਜਲੰਧਰ    ਸ) ਅੰਮ੍ਰਿਤਸਰ    (ੲ)

5. ਲਾਹੌਰ ਵਿਚ ਬਾਉਲੀ ਦਾ ਨਿਰਮਾਣ ਕਿਸ ਨੇ ਕਰਵਾਇਆ?

ੳ) ਗੁਰੂ ਅੰਗਦ ਦੇਵ    ਅ) ਗੁਰੂ ਅਮਰਦਾਸ

ੲ) ਗੁਰੂ ਰਾਮਦਾਸ    ਸ) ਗੁਰੂ ਅਰਜਨ ਦੇਵ    (ਸ)

6. ਗੁਰੂ ਅਰਜਨ ਦੇਵ ਜੀ ਗੁਰਗੱਦੀ 'ਤੇ ਕਿੰਨਾ ਸਮਾਂ ਬਿਰਾਜਮਾਨ ਰਹੇ?

ੳ) ਲਗਭਗ 14 ਸਾਲ    ਅ) ਲਗਭਗ 25 ਸਾਲ

ੲ) ਲਗਭਗ 18 ਸਾਲ    ਸ) ਲਗਭਗ 33 ਸਾਲ

7. ਘੋੜਿਆਂ ਦੇ ਵਪਾਰ ਨੂੰ ਕਿਹੜੇ ਗੁ ਨੇ ਸਭ ਤੋਂ ਪਹਿਲਾਂ ਸ਼ੁਰੂ ਕੀਤਾ?

ੳ) ਗੁਰੂ ਅਰਜਨ ਦੇਵ    ਅ) ਗੁਰੂ ਹਰਗੋਬਿੰਦ

ੲ) ਗੁਰੂ ਤੇਗ ਬਹਾਦਰ    ਸ) ਗੁਰੂ ਗੋਬਿੰਦ ਸਿੰਘ    (ੳ)

8. ਤਰਨਤਾਰਨ ਨਗਰ ਦੀ ਸਥਾਪਨਾ ਕਿਹੜੇ ਗੁਰੂ ਨੇ ਕੀਤੀ?

ੳ) ਗੁਰੂ ਅੰਗਦ ਦੇਵ    ਅ) ਗੁਰੂ ਅਮਰਦਾਸ

ੲ) ਗੁਰੂ ਹਰਿ ਰਾਇ    ਸ) ਗੁਰੂ ਅਰਜਨ ਦੇਵ    (ਸ)

9. ਕਰਤਾਰਪੁਰ ਸ਼ਬਦ ਤੋਂ ਕੀ ਭਾਵ ਹੈ?

ੳ) ਭਵਸਾਗਰ ਤੋਂ ਪਾਰ    ਅ) ਪਰਮਾਤਮਾ ਦਾ ਘਰ

ੲ) ਰੱਬ ਦੀ ਗੱਦੀ    ਸ) ਪਰਮਾਤਮਾ ਦਾ ਵਾਸ    (ਅ)

10. ਕਰਤਾਰਪੁਰ ਨਗਰ ਦੀ ਸਥਾਪਨਾ ਕਿਹੜੇ ਗੁਰੂ ਸਾਹਿਬ ਨੇ ਕੀਤੀ?

ੳ) ਗੁਰੂ ਅਰਜਨ ਦੇਵ    ਅ) ਗੁਰੂ ਹਰਿ ਰਾਇ

ੲ) ਗੁਰੂ ਅਮਰਦਾਸ    ਸ) ਗੁਰੂ ਅੰਗਦ ਦੇਵ    (ੳ)

## ਵਿਸਰਦੇ ਜਾਂਦੇ ਸ਼ਬਦ

**ਬਰਦਾਰ** - ਸੰਭਾਲਣ ਵਾਲਾ (ਜਿਵੇਂ ਝੰਡਾ ਬਰਦਾਰ ਤੇ ਝਾੜੂ ਬਰਦਾਰ)

**ਤਲਬਦਾਰ** - ਲੋੜਵੰਦ ਜਾਂ ਤਨਖਾਹਦਾਰ ਕਾਰਿੰਦਾ।

**ਛਾਂਟਾ** - ਘੋੜੇ ਨੂੰ ਹੱਕਣ ਵਾਲੀ ਸੋਟੀ, ਜਿਸ ਦੇ ਅੱਗੇ ਚਮੜੇ ਦੀ ਰੱਸੀ ਬੱਝੀ ਹੁੰਦੀ ਹੈ।

**ਚੁਬੱਚਾ** - ਪਾਣੀ ਆਦਿ ਇਕੱਠਾ ਕਰਨ ਵਾਲਾ ਹੌਜ਼।

**ਚੁੰਭਾ** - ਜ਼ਮੀਨ ਵਿਚ ਪੁਟਿਆ ਵੱਡਾ ਚੁੱਲ੍ਹਾ, ਜਿਸ ਉੱਤੇ ਕੋਈ ਕੜਾਹਿਆ (ਲੋਹੇ ਦਾ ਵੱਡਾ ਗੋਲ ਆਕਾਰ ਦਾ ਬਰਤਨ) ਆਦਿ ਰੱਖ ਕੇ ਉਸ ਵਿਚ ਕੋਈ ਚੀਜ਼ ਰਿੰਨ੍ਹੀ ਜਾਵੇ। ਕਮਾਦ (ਗੰਨੇ) ਦੇ ਰਸ ਤੋਂ ਗੁੜ ਬਣਾਉਣ ਵਾਸਤੇ ਜਿਹੜੇ ਕੜਾਹੇ ਦੀ ਜ਼ਰੂਰਤ ਪੈਂਦੀ ਹੈ ਉਹ ਏਦਾਂ ਦੇ ਵੱਡੇ ਚੁੰਭੇ ਉੱਤੇ ਰੱਖ ਕੇ ਹੇਠ ਅੱਗ ਬਾਲੀ ਜਾਂਦੀ ਹੈ।

## ਅਦਰਕ : ਗੁਣ ਅਤੇ ਨੁਸਖ਼ੇ

ਸਰਦੀ ਵਿਚ ਜ਼ਿਆਦਾ ਲੋਕ ਚਾਹ ਦਾ ਸੇਵਨ ਕਰਦੇ ਹਨ। ਚਾਹ ਵਿਚ ਅਦਰਕ ਅਤੇ ਗੁੜ ਪਾਇਆ ਜਾਵੇ ਤਾਂ ਬਹੁਤ ਲਾਭਕਾਰੀ ਹੈ। ਇਸ ਨਾਲ ਕਫ਼ (ਬਲਗਮ) ਅਤੇ ਵਾਯੂ ਦੇ ਵਿਕਾਰ ਪੈਦਾ ਨਹੀਂ ਹੁੰਦੇ। ਨਿਮੋਨੀਆ, ਠੰਡ ਦਾ ਬੁਖ਼ਾਰ, ਖਾਂਸੀ, ਜ਼ੁਕਾਮ ਨਹੀਂ ਹੁੰਦਾ।

**ਅਦਰਕ ਦੀ ਚਾਹ ਬਨਾਉਣ ਦੀ ਵਿਧੀ** - 10 ਗ੍ਰਾਮ ਅਦਰਕ ਦੇ ਛੋਟੇ-ਛੋਟੇ ਟੁਕੜੇ ਕਰਕੇ 250 ਗ੍ਰਾਮ ਪਾਣੀ ਵਿਚ ਪਕਾਉਣਾ ਚਾਹੀਦਾ ਹੈ। ਜਦੋਂ ਅੱਧਾ ਪਾਣੀ ਬਾਕੀ ਰਹਿ ਜਾਵੇ ਤਾਂ ਪੁਣ ਕੇ ਦੁੱਧ, ਸ਼ੱਕਰ ਮਿਲਾ ਕੇ ਹੌਲ਼ੀ-ਹੌਲ਼ੀ ਪੀਣ ਨਾਲ ਖਾਂਸੀ, ਜ਼ੁਕਾਮ, ਸਿਰਦਰਦ, ਕਫ਼, ਕਮਰ, ਤੇ ਪੱਸਲੀ ਦਾ ਦਰਦ ਦੂਰ ਹੋ ਜਾਂਦਾ ਹੈ। ਪਸੀਨਾ ਆ ਕੇ ਬੁਖ਼ਾਰ ਵੀ ਘੱਟ ਜਾਂਦਾ ਹੈ।

**ਭੰਗ ਦਾ ਨਸ਼ਾ ਉਤਾਰਨ ਲਈ** - 5 ਗ੍ਰਾਮ ਤੋਂ 10 ਗ੍ਰਾਮ ਤੱਕ ਆਦਾ ਜਾਂ ਸੁੰਢ ਰਗੜ ਕੇ ਦਹੀਂ ਵਿਚ ਮਿਲਾ ਕੇ ਦੇਣ ਨਾਲ ਭੰਗ ਦਾ ਨਸ਼ਾ ਉਤਰ ਜਾਂਦਾ ਹੈ।

## ਪੁਦੀਨਾ

ਇਹ ਇਕ ਛੋਟਾ ਜਿਹਾ ਪੌਦਾ ਹੈ ਜੋ ਹਰ ਘਰ ਵਿਚ ਹੋਣਾ ਜ਼ਰੂਰੀ ਹੈ। ਇਸਦੇ ਪੱਤਿਆਂ ਦੀ ਚਟਨੀ ਬਣਦੀ ਹੈ ਅਤੇ ਤੇਲ ਕੱਢਿਆ ਜਾਂਦਾ ਹੈ। ਪਿਪਰਾਮਿੰਟ ਵੀ ਪੁਦੀਨੇ ਵਿਚੋਂ ਤਿਆਰ ਹੁੰਦਾ ਹੈ। ਪੁਦੀਨੇ ਦੀ ਤਾਸੀਰ ਗਰਮ ਖੁਸ਼ਕ ਹੈ। ਇਸਦੀ ਚਟਨੀ ਵਿਚ ਮਗਜ਼, ਦਾਖ, ਪਿਆਜ਼ ਪਾਉਣਾ ਵੀ ਠੀਕ ਹੈ। ਪੁਦੀਨਾ ਭੁੱਖ ਵਧਾਉਂਦਾ ਹੈ। ਇਸਦੇ ਪੱਤੇ ਮਲ਼ ਕੇ ਸੁੰਘਾਉਣ ਨਾਲ ਬੇਹੋਸ਼ੀ ਦੂਰ ਹੋ ਜਾਂਦੀ ਹੈ। ਇਸ ਤੋਂ ਇਲਾਵਾ ਇਹ ਬਦਹਜ਼ਮੀ ਅਤੇ ਉਲਟੀਆਂ ਆਦਿ ਰੋਗਾਂ ਨੂੰ ਵੀ ਦੂਰ ਕਰਦਾ ਹੈ।

## ਅਨੰਦ ਕਾਰਜ



ਇੰਜ. ਉਂਕਾਰ ਸਿੰਘ ਘੋਤੜਾ (ਕੈਨੇਡਾ ਨਿਵਾਸੀ) ਪੁੱਤਰ ਸ. ਬਲਵਿੰਦਰ ਸਿੰਘ ਮਕਾਨ ਨੰ-1234, ਫੇਸ-10, ਐਸ.ਏ.ਐਸ. ਨਗਰ, ਮੋਹਾਲੀ ਦਾ ਸ਼ੁੱਭ ਅਨੰਦ ਕਾਰਜ ਇੰਜ. ਕੰਵਲ ਨੈਨਪ੍ਰੀਤ ਕੌਰ ਸਪੁੱਤਰੀ ਸ. ਐਨ.ਐਸ. ਨੂਰ ਐਡਵੋਕੇਟ ਮਕਾਨ ਨੰ-817, ਸ. ਆਤਮਾ ਸਿੰਘ ਅਰਬਨ ਐਸਟੇਟ, ਕਪੂਰਥਲਾ ਨਾਲ ਪੂਰਨ ਗੁਰ ਮਰਿਯਾਦਾ ਅਨੁਸਾਰ ਸੰਪੂਰਨ ਹੋਇਆ। ਪਰਿਵਾਰ ਵਾਲਿਆਂ ਵੱਲੋਂ ਇਸ ਸ਼ੁਭ ਅਵਸਰ ਤੇ ਗੁਰੂ ਘਰ ਦਾ ਆਸ਼ੀਰਵਾਦ ਪ੍ਰਾਪਤ ਕਰਦੇ ਹੋਏ ਫਾਉਂਡੇਸ਼ਨ ਨੂੰ 5100/- ਰੁ: ਦਾਨ ਵਜੋਂ ਭੇਟ ਕੀਤੇ ਗਏ। ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਇਨ੍ਹਾਂ ਦੇ ਨਵੇਂ ਜੀਵਨ ਦੀ ਸ਼ੁਰੂਆਤ ਲਈ ਸ਼ੁਭ ਕਾਮਨਾਵਾਂ ਦਿੰਦੀ ਹੈ।

ਕਹਾਣੀ

# ਪਿੱਠੂ ਗਰਮ

ਅਰਕਮਲ ਕੌਰ

ਗਰਮੀਆਂ ਦੀਆਂ ਛੁੱਟੀਆਂ ਸਨ। ਮੇਰਾ ਨਵਾਂ-ਨਵਾਂ ਵਿਆਹ ਹੋਇਆ ਸੀ। ਘਰਦਿਆਂ ਨੇ ਸਾਨੂੰ ਨੈਨੀਤਾਲ ਘੁੰਮਣ ਜਾਣ ਦੀ ਸਲਾਹ ਦਿੱਤੀ। ਮੈਂ ਆਪਣੀ ਨਵੀਂ ਵਿਆਹੀ ਪਤਨੀ, 'ਪੂਜਾ' ਦੇ ਨਾਲ ਰੇਲਵੇ ਸਟੇਸ਼ਨ ਵੱਲ ਤੁਰ ਪਿਆ। ਸਟੇਸ਼ਨ ਸਾਡੇ ਘਰ ਤੋਂ ਜ਼ਿਆਦਾ ਦੂਰ ਨਹੀਂ ਸੀ। ਅਸੀਂ ਹੌਲੀ-ਹੌਲੀ ਗੱਲਾਂ ਕਰਦੇ, ਹੱਸਦੇ-ਖੇਡਦੇ, ਰੇਲਵੇ ਸਟੇਸ਼ਨ ਪਹੁੰਚ ਗਏ। ਸਾਡੀਆਂ ਟਿਕਟਾਂ ਤਾਂ ਪਹਿਲਾਂ ਤੋਂ ਹੀ ਬੁੱਕ ਸਨ। ਪਲੇਟਫਾਰਮ 'ਤੇ ਪਹੁੰਚ ਕੇ ਮੇਰੀਆਂ ਅੱਖਾਂ ਬੇਚੈਨ ਹੋ ਗਈਆਂ ਤੇ ਕੁਝ ਭਾਲਣ ਲੱਗ ਪਈਆਂ।

"ਵਾਰ-ਵਾਰ ਤੁਸੀਂ ਉਸ ਪਾਸੇ ਕਿਉਂ ਦੇਖ ਰਹੇ ਹੋ?" ਮੇਰੀ ਪਤਨੀ ਨੇ ਮੈਨੂੰ ਗਹੁ ਨਾਲ ਦੇਖਦਿਆਂ ਪੁੱਛਿਆ।

"ਕੁਝ ਨਹੀਂ ਪੂਜਾ....ਚਾਰ-ਪੰਜ ਸਾਲ ਪਹਿਲਾਂ ਉਥੇ ਇਕ ਰੁੱਖ ਹੋਇਆ ਕਰਦਾ ਸੀ। ਉਸ ਥੱਲੇ ਇਕ ਅੰਨੀ 'ਬੁੱਢੀ ਮਾਂ' ਤੇ 'ਕਰਮੂ' ਨਾਂ ਦਾ ਮੁੰਡਾ ਰਹਿੰਦੇ ਸਨ। ਬੁੱਢੀ ਮਾਂ ਮੰਗਤੀ ਸੀ ਪਰ ਆਪਣੇ ਬੱਚੇ ਨੂੰ ਬੇਹੱਦ ਪਿਆਰ ਕਰਦੀ ਸੀ। ਉਸ ਦੇ ਪਿਆਰ ਦਾ ਵੀ ਅਨੋਖਾ ਹੀ ਢੰਗ ਸੀ। ਗਾਲ੍ਹਾਂ ਕੱਢ ਕੇ ਪਿਆਰ ਕਰਦੀ ਸੀ ਆਪਣੇ ਪੁੱਤਰ ਨੂੰ।"

"ਕਿਵੇਂ"? ਪੂਜਾ ਨੇ ਹੱਸ ਕੇ ਪੁੱਛਿਆ।

"ਸੱਚ ਪੂਜਾ ਅੱਜ ਵੀ ਉਸ ਦੀਆਂ ਪਿਆਰ ਭਰੀਆਂ ਝਿੜਕਾਂ ਮੇਰੇ ਕੰਨਾਂ 'ਚ ਗੂੰਜਦੀਆਂ ਨੇ। ਇਕ ਦਿਨ ਦੀ ਗੱਲ ਹੈ ਕਿ...।"

ਪੂਜਾ ਧਿਆਨ ਨਾਲ ਸੁਣ ਰਹੀ ਸੀ........।

"ਏਧਰ ਆ, ਕਰਮਾਮਾਰੀ ਦਿਆ...ਆ ਏਥੇ, ਮੇਰੇ ਕੋਲ"। ਕਹਿ ਕੇ ਗੁੱਸੇ ਨਾਲ ਅੰਨੀ ਮੰਗਤੀ ਨੇ ਆਪਣੀ ਸੋਟੀ ਜ਼ਮੀਨ 'ਤੇ ਮਾਰੀ।

ਪੰਜ ਕੁ ਸਾਲ ਦਾ ਇਕ ਛੋਟਾ ਜਿਹਾ ਬੱਚਾ ਹੌਲੀ-ਹੌਲੀ ਤੁਰਦਾ ਹੋਇਆ ਉਸ ਦੇ ਕੋਲ ਆ ਗਿਆ। ਅੰਨੀ ਦੇ ਟੋਂਹਦੇ ਹੱਥਾਂ ਨੇ ਉਸ ਨੂੰ ਫੜ ਕੇ ਦੋ ਚਪੇੜਾਂ ਜੜ ਦਿੱਤੀਆਂ।

"ਮਰਜੇ ਤੇਰੀ ਮਾਂ...ਸਾਰੇ ਪੈਸਿਆਂ ਦੇ ਬੰਟੇ ਖੇਲ ਗਿਐਂ...ਹੁਣ ਖਾਏਗਾ ਕੀ, ਮੇਰਾ ਸਿਰ...? ਭੁੱਖਾ ਸੋਏਂਗਾ ਰਾਤੀ...?"

ਇਸ ਤੋਂ ਪਹਿਲਾਂ ਕਿ ਉਹ ਉਸ ਨੂੰ ਹੋਰ ਮਾਰਦੀ, ਮੈਂ ਕੋਲ ਬੈਠਾ ਬੋਲ ਪਿਆ, "ਏਨੀ ਠੰਢ 'ਚ ਕਿਉਂ ਮਾਰਦੀ ਐਂ ਬੱਚੇ ਨੂੰ...?"

"ਏਹਨੂੰ ਦੋ ਰੁਪਏ ਦਿੱਤੇ ਸੀ ਕੁਛ ਖਾਣ ਵਾਸਤੇ, ਕਿ ਚਲੋ ਢਿੱਡ 'ਚ ਕੁਛ ਚਲਾ ਜਾਏ ਤਾਂ ਰਾਤ ਸੌਖੀ ਕੱਟੀ ਜਾਊ। ਪਰ ਇਹ ਐ ਕਿ ਦੋ ਰੁਪਏ ਦੇ ਬੰਟੇ ਖੇਲ ਗਿਐ। ਹੁਣ ਸਾਰੀਂ ਰਾਤ ਨੀਂਦ ਨੇ ਇਹਦੇ ਨੇੜੇ ਨੀ ਲੱਗਣਾ। ਪਿਓ ਦਾਦੇ ਨੇ ਬੜੀਆਂ ਜਗੀਰਾਂ ਛੱਡੀਆਂ ਹੋਈਆਂ ਨੇ ਇਹਦੇ ਨਾਂ ਤਾਂ ਜੋ ਦੋ ਰੁਪਏ ਦੀ ਕਦਰ ਨਾ ਕੀਤੀ।" ਰੋਣਹਾਕੀ ਜਿਹੀ ਹੋ ਉਸ ਆਖਿਆ।

ਮੈਂ ਉਸ ਨੂੰ ਇਕ ਭੁੰਨੀ ਹੋਈ ਛੱਲੀ ਲੈ ਕੇ ਦਿੱਤੀ, "ਚੱਲ ਕੋਈ ਗੱਲ ਨਹੀਂ, ਲੈ ਆਹ ਛੱਲੀ ਖਾ ਲਊਗਾ।

ਨਿਆਣਾ ਐ। ਅੱਗੇ ਤੋਂ ਨਾ ਕਰੀਂ ਓਏ।" ਆਖ, ਮੈਂ ਸੋਚੀਂ ਪੈ ਗਿਆ ਕਿ ਬੱਚਾ ਕਿੰਨਾ ਫਰਮਾਬਰਦਾਰ ਹੈ। ਅੰਨ੍ਹੀ ਮਾਂ ਨੂੰ ਕੀ ਦਿਸਣਾ ਸੀ ਜੇ ਉਹ ਕੋਲ ਨਾ ਆਉਂਦਾ ਤਾਂ? ਉਹ ਇਹਨੂੰ ਮਾਰ ਕਿਵੇਂ ਸਕਦੀ ਸੀ? ਮੈਂ ਉਸ ਬੱਚੇ ਨੂੰ ਆਪਣੇ ਕੋਲ ਬੁਲਾ ਕੇ ਪੁੱਛਿਆ, "ਜਦੋਂ ਤੈਨੂੰ ਤੇਰੀ ਮਾਂ ਗੁੱਸੇ 'ਚ ਅਵਾਜ਼ਾਂ ਮਾਰਦੀ ਸੀ ਤਾਂ ਤੂੰ ਉਹਦੇ ਨੇੜੇ ਕਿਉਂ ਗਿਆਂ? ਉਸਨੂੰ ਕਿਹੜਾ ਦਿਸਦੈ?"

ਉਹ ਝੱਟ ਬੋਲ ਪਿਆ, "ਲੈ ਕਿਵੇਂ ਨਾ ਆਉਂਦਾ ਉਹਦੇ ਕੋਲ? ਉਹ ਮੇਰੀ ਮਾਂ ਐ।"

ਮੈਨੂੰ ਉਸ ਦੇ 'ਮਾਂ' ਪ੍ਰਤੀ ਆਦਰ ਨੂੰ ਵੇਖ ਕੇ ਅੰਦਰੂਨੀ ਖੁਸ਼ੀ ਹੋਈ।

"ਸੁਣੋ ...ਉਹ ਦੇਖੋ ਗੱਡੀ ਆ ਗਈ।"

ਮੈਂ ਪੂਜਾ ਦਾ ਹੱਥ ਫੜਿਆ ਤੇ ਦੋਵੇਂ ਗੱਡੀ ਅੰਦਰ ਬੈਠ ਗਏ। ਥੋੜੇ ਸਮੇਂ ਬਾਅਦ ਪੂਜਾ ਬੋਲੀ, "ਫੇਰ ਕੀ ਹੋਇਆ?"

ਫੇਰ...ਇਕ ਦਿਨ ਕਰਮੂ, ਮੇਰੇ ਪਿੱਛੇ-ਪਿੱਛੇ ਤੁਰਦਾ ਹੋਇਆ ਮੇਰੇ ਸਕੂਲ ਆ ਪਹੁੰਚਾ।

ਉਹਨੀਂ ਦਿਨੀਂ ਮੈਂ ਕਾਰਪੋਰੇਸ਼ਨ ਦੇ ਸਕੂਲ 'ਚ ਪੜ੍ਹਾਇਆ ਕਰਦਾ ਸੀ। ਜਿੱਥੇ ਗਰੀਬ ਬੱਚਿਆਂ ਨੂੰ ਖਾਣਾ ਤੇ ਵਰਦੀ ਵੀ ਮਿਲਦੀ ਸੀ। ਮੈਂ ਸੋਚਿਆ ਚਲੋ ਇਹ ਬੱਚਾ ਜੇ ਪੜ੍ਹ ਲਿਖ ਜਾਵੇ ਤਾਂ ਮੈਨੂੰ ਕੀ ਹਰਜ ਹੈ। ਮੈਂ ਉਸ ਨੂੰ ਉਥੇ ਦਾਖਲਾ ਦੁਆ ਦਿੱਤਾ। ਹੈਰਾਨੀ ਦੀ ਗੱਲ ਹੈ ਕਿ ਉਹ ਰੋਜ਼ ਮੇਰੇ ਪਿੱਛੇ-ਪਿੱਛੇ ਤੁਰ ਕੇ ਸਕੂਲ ਆ ਜਾਂਦਾ। ਦੇਖਦਿਆਂ ਹੀ ਦੇਖਦਿਆਂ ਸਾਲ ਲੰਘ ਗਿਆ।

ਪੜ੍ਹਾਈ 'ਚ ਰੁਝਾਨ ਹੋਣ ਕਾਰਨ ਉਸ ਨੂੰ ਸਾਰੇ ਹੀ ਪਿਆਰ ਕਰਦੇ। ਪਰ ਕਿਤੇ ਨਾ ਕਿਤੇ ਆਰਥਕ ਤੰਗੀ ਉਸ ਨੂੰ ਪਰੇਸ਼ਾਨ ਕਰਦੀ ਰਹਿੰਦੀ। ਸਮੇਂ ਦੇ ਨਾਲ-ਨਾਲ ਉਸ ਦਾ ਵਰਤਾਓ ਤੇ ਸੁਭਾਅ ਵੀ ਬਦਲਣ ਲੱਗ ਪਿਆ। ਇਓਂ ਜਾਪਦਾ ਕਿ ਉਸਦਾ ਬਚਪਨ ਕਿਤੇ ਖੰਭ ਲਾ ਕੇ ਉੱਡ ਗਿਆ ਹੋਵੇ...। ਉਹ ਸਕੂਲ ਤੋਂ ਬਾਅਦ ਛੋਟੇ ਛੋਟੇ ਕੰਮ ਕਰਨ ਲੱਗ ਪਿਆ। ਕਦੇ ਕਾਰਾਂ ਸਾਫ਼ ਕਰਦਾ ਤੇ ਕਦੇ ਸਬਜ਼ੀ ਮੰਡੀ ਜਾ ਕੇ ਟੋਕਰੀਆਂ ਢੋਣ ਦਾ ਕੰਮ ਕਰਦਾ ਤੇ ਕਦੇ ਬੂਟ ਪਾਲਿਸ਼ ਕਰਨ ਦਾ ਕੰਮ ਕਰਨ ਲੱਗ ਜਾਂਦਾ।

ਇਕ ਦਿਨ ਮੈਂ ਪਲੇਟਫਾਰਮ ਤੇ ਬੈਠਾ ਗੱਡੀ ਦੀ ਇੰਤਜ਼ਾਰ ਕਰ ਰਿਹਾ ਸੀ ਕਿ ਕਰਮੂ ਨਾਲ ਟਾਕਰਾ ਹੋ ਗਿਆ। ਉਸਨੇ ਹਮੇਸ਼ਾ ਵਾਂਗ ਦੋਵੇਂ ਹੱਥ ਜੋੜ ਕੇ ਮੁਸਕੁਰਾਉਂਦਿਆਂ ਹੋਇਆਂ ਸਤਿ ਸ੍ਰੀ ਅਕਾਲ ਆਖਿਆ। ਮੈਂ ਸਤਿ ਸ੍ਰੀ ਅਕਾਲ ਬੁਲਾਉਣ ਤੋਂ ਬਾਅਦ ਐਵੇਂ ਹੀ ਉਸਨੂੰ ਉਸ ਦੇ ਕੰਮ ਕਰਨ ਦਾ ਕਾਰਣ ਪੁੱਛ ਬੈਠਾ। ਆਖਣ ਲੱਗਾ, "ਮਾਸਟਰ ਜੀ ਸਕੂਲ ਆਉਣ ਤੋਂ ਪਹਿਲਾਂ ਤਾਂ ਮੈਂ ਇਕ ਜਾਨਵਰ ਜਿਹਾ ਹੁੰਦਾ ਸੀ। ਮੇਰੀ ਅੰਨ੍ਹੀ ਮਾਂ ਕਦੇ ਧੁੱਪੇ ਤੇ ਕਦੇ ਬਰਸਾਤ 'ਚ ਹੀ ਬੈਠੀ ਰਹਿੰਦੀ ਤੇ ਮੈਂ ਆਪਣਾ ਖੇਡਦਾ ਰਹਿੰਦਾ। ਪਰ ਹੁਣ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੀ ਮਾਂ ਨੂੰ ਮੈਂ ਇਕ ਕਮਰਾ ਬਣਾ ਕੇ ਦਿਆਂ, ਜਿੱਥੋਂ ਉਹਨੂੰ ਕੋਈ ਡੰਡੇ ਮਾਰ ਕੇ ਬਾਹਰ ਨਾ ਕੱਢ ਸਕੇ। ਅਰਾਮ ਨਾਲ ਬੈਠ ਕੇ ਰੋਟੀ ਖਾ ਸਕੇ।"

ਉਸ ਦਿਨ ਮੈਨੂੰ ਉਸਦੀ ਸੋਚ 'ਤੇ ਬਹੁਤ ਫ਼ਖ਼ਰ ਹੋਇਆ। ਇਉਂ ਥੋੜੇ-ਥੋੜੇ ਪੈਸੇ ਕਮਾ ਕੇ ਉਹ ਬੂਟ ਪਾਲਿਸ਼ ਦਾ ਸਮਾਨ ਲੈ ਆਇਆ ਤੇ ਸ਼ਾਮ ਨੂੰ ਭੀੜ ਵਾਲੇ ਰਾਹਾਂ 'ਤੇ ਉਹ ਲੋਕਾਂ ਦੇ ਬੂਟ ਪਾਲਿਸ਼ ਕਰਨ ਲੱਗ ਪਿਆ। ਅਚਾਨਕ ਇਕ ਦਿਨ ਕਰਮੂ ਬਹੁਤ ਉਦਾਸ ਦਿਖਿਆ। ਮੈਂ ਉਸ ਦੀ ਉਦਾਸੀ ਦਾ ਕਾਰਣ ਪੁੱਛਿਆ ਤਾਂ ਉਹ ਰੋ ਪਿਆ। ਕਹਿਣ ਲੱਗਾ, "ਪੁਲਸ ਵਾਲੇ ਮੈਨੂੰ ਬੂਟ ਪਾਲਸ਼ ਨਹੀਂ ਕਰਨ ਦਿੰਦੇ। ਕਹਿੰਦੇ ਨੇ ਚੌਦਾਂ ਸਾਲਾਂ ਤੋਂ ਪਹਿਲਾਂ ਮੈਂ ਕੋਈ ਕੰਮ ਨਹੀਂ ਕਰ ਸਕਦਾ। ਇਉਂ ਤਾਂ ਮੈਂ ਆਪਣੀ ਮਾਂ ਵਾਸਤੇ ਕਦੀ ਵੀ ਮਕਾਨ ਨਹੀਂ ਲੈ ਸਕਾਂਗਾ। ਪਰ ਮਾਸਟਰ ਜੀ ਟੀ. ਵੀ. 'ਚ ਵੀ ਤਾਂ ਬੱਚੇ ਕੰਮ ਕਰਦੇ ਨੇ ਅਤੇ ਫਿਲਮਾਂ ਵਿਚ ਵੀ।

ਉਨ੍ਹਾਂ ਨੂੰ ਕੋਈ ਕੁਛ ਕਿਉਂ ਨਹੀਂ ਕਹਿੰਦਾ? ਉਹ ਵੀ ਚੌਦਾਂ ਸਾਲ ਤੋਂ ਛੋਟੇ ਹੁੰਦੇ ਨੇ।"

ਮੈਂ ਉਸ ਦੇ ਮਾਸੂਮ ਚਿਹਰੇ ਦੀ ਬਿਆਨੀ ਹੋਈ ਸੱਚਾਈ ਨੂੰ ਸਮਝ ਰਿਹਾ ਸੀ ਤੇ ਜਵਾਬ ਦੇਣ ਲਈ ਆਪਣੇ ਆਪ ਨੂੰ ਟੋਹ ਰਿਹਾ ਸੀ ਕਿ ਉਹ ਮੇਰੇ ਤੋਂ ਪਹਿਲਾਂ ਹੀ ਬੋਲ ਪਿਆ, "ਸ਼ਾਇਦ ਉਹ ਅਮੀਰਾਂ ਦੇ ਬੱਚੇ ਨੇ ਏਸ ਲਈ...ਮਾਸਟਰ ਜੀ ਕੀ ਸਾਡੇ ਜਿਹੇ ਲੋਕ ਕਦੇ ਵੀ ਅਮੀਰ ਨਹੀਂ ਬਣ ਸਕਦੇ?"

ਮੈਂ ਉਸ ਨੂੰ ਧਰਵਾਸ ਦਿੱਤਾ ਕਿ "ਤੂੰ ਜ਼ਰੂਰ ਵੱਡਾ ਹੋ ਕੇ ਇਕ ਦਿਨ ਅਮੀਰ ਬਣੇਂਗਾ।" ਉਹ ਰੋਣਹਾਕਾ ਜਿਹਾ ਹੋਇਆ, ਆਪਣੀ ਮਾਂ ਕੋਲ ਚਲਾ ਗਿਆ। ਪਰ ਦੂਜੇ ਹੀ ਦਿਨ ਉਹ ਬਹੁਤ ਖੁਸ਼-ਖੁਸ਼ ਸਕੂਲ ਆਇਆ।

"ਮਾਸਟਰ ਜੀ....ਮਾਸਟਰ ਜੀ......ਮੈਂ ਹੁਣ ਫੇਰ ਤੋਂ ਆਪਣਾ ਕੰਮ ਕਰਨ ਲੱਗ ਪਿਆ ਹਾਂ। ਪੁਲਸ ਵਾਲੇ ਹੁਣ ਮੈਨੂੰ ਕਦੇ ਤੰਗ ਨਹੀਂ ਕਰਨਗੇ। ਉਹ ਮੈਥੋਂ ਸਿਰਫ 'ਹਫ਼ਤਾ' ਲਿਆ ਕਰਨਗੇ। ਚਲੋ ਥੋੜਾ ਜਿਹਾ ਪੈਸਾ ਦੇ ਕੇ, ਮੈਂ ਵੀ ਤਾਂ ਕਮਾ ਸਕਾਂਗਾ।"

ਇਹ ਸੁਣਦੇ ਸਾਰ ਹੀ ਮੈਂ ਪਰੇਸ਼ਾਨ ਹੋ ਗਿਆ। ਉਸਦੇ ਬਾਲ ਮਨ 'ਤੇ ਝਰੀਟ ਵੱਜੀ ਵੇਖ ਮੈਂ ਉਸ ਵੱਲ ਦੇਖਦਾ ਹੀ ਰਹਿ ਗਿਆ। ਨਿੱਕੀ ਜਿਹੀ ਉਮਰ ਵਿੱਚ ਹੀ ਉਸ ਦਾ ਜ਼ਿੰਦਗੀ ਜਿਉਣ ਦਾ ਤਜ਼ਰਬਾ ਮੈਥੋਂ ਵੀ ਵਧ ਗਿਆ ਸੀ। ਮੂੰਹ ਅੱਡੀ ਮੈਂ ਮੂਕ ਜਿਹਾ ਉਸ ਵੱਲ ਸਿਰਫ਼ ਵੇਖ ਰਿਹਾ ਸੀ।

"ਮਾਸਟਰ ਜੀ, ਅਸੀਂ ਗ਼ਰੀਬ ਲੋਕ ਹਾਂ......ਸਾਡੀਆਂ ਤਾਂ ਜੜ੍ਹਾਂ ਹੀ ਖੋਖਲੀਆਂ ਨੇ ਤੇ ਖੋਖਲੀਆਂ ਜੜ੍ਹਾਂ ਵਾਲਾ ਰੁੱਖ ਕਿੰਨੀ ਕੁ ਦੇਰ ਖੜ੍ਹਾ ਰਹਿ ਸਕਦੈ? ਕੁਝ ਨੇਰ੍ਹੀਆਂ ਆ ਚੁੱਕੀਆਂ ਨੇ ਤੇ ਕੁਝ ਹੋਰ ਆਉਣਗੀਆਂ। ਦਿਲ ਦੀਆਂ ਦਿਲ 'ਚ ਹੀ ਲੈ ਕੇ ਇਕ ਦਿਨ ਢੱਠ ਜਾਵਾਂਗੇ।"

ਉਸ ਦੀ ਮਜ਼ਬੂਰੀ ਮੈਨੂੰ ਆਪਣੀ ਬੇਵਸੀ ਜਾਪੀ। ਮੈਨੂੰ ਮੇਰਾ ਆਪਣਾ ਅਤੀਤ ਯਾਦ ਆ ਗਿਆ ਕਿ ਕਿਵੇਂ ਚੁਰਾਸੀ ਦੇ ਦੰਗਿਆਂ ਚ ਮੇਰੇ ਬਾਪੂ ਜੀ ਨੂੰ ਕਤਲ ਕਰ ਦਿੱਤਾ ਗਿਆ ਸੀ...? ਕਿਵੇਂ ਮੇਰੀ ਮਾਂ ਨੂੰ ਮੇਰੀ ਪੜ੍ਹਾਈ ਵਾਸਤੇ ਜ਼ਮੀਨ ਗਹਿਣੇ ਰੱਖਣੀ ਪਈ ਸੀ...? ਤੇ ਕਿਵੇਂ ਮੇਰੇ ਬਾਲ-ਮਨ ਵਿਚ ਸਦਾ ਮਾਂ ਨੂੰ ਸੁੱਖ ਦੇਣ ਦਾ ਖਿਆਲ ਰਹਿੰਦਾ ਸੀ। ਮੇਰੇ ਬਾਲ-ਮਨ ਵਿੱਚ ਪੈਸਾ ਕਮਾ ਕੇ ਆਪਣੀ ਗਹਿਣੇ ਪਈ ਜ਼ਮੀਨ ਨੂੰ ਛੁਡਾਉਣ ਦਾ ਸੁਪਨਾ ਸਮਾਇਆ ਰਹਿੰਦਾ ਸੀ। ਮਿਹਨਤ ਕਰ ਕੇ ਆਪਣੇ ਸੁਪਨੇ ਪੂਰੇ ਕਰਨਾ ਕੋਈ ਅਪਰਾਧ ਤਾਂ ਨਹੀਂ। ਕਰਮੂ ਸੱਚ ਕਹਿ ਰਿਹਾ ਸੀ ਕਿ ਫਿਲਮਾਂ ਤੇ ਟੀ. ਵੀ. ਸੀਰੀਅਲਾਂ 'ਚ ਵੀ ਬੱਚੇ ਕੰਮ ਕਰਦੇ ਨੇ। ਛੋਟੀਆਂ-ਛੋਟੀਆਂ ਬੱਚੀਆਂ ਬਲਾਤਕਾਰ ਦੇ ਦ੍ਰਿਸ਼ ਦਰਸਾਉਂਦੀਆਂ ਨੇ ਪਰ ਸਾਡੀ ਜਨਤਾ ਤੇ ਨੇਤਾ ਉਹ ਦ੍ਰਿਸ਼ ਦੇਖ ਕੇ ਤਾੜੀਆਂ ਵਜਾਉਂਦੇ ਨੇ। ਉਹਨਾਂ ਬੱਚਿਆਂ 'ਤੇ ਕੋਈ ਰੋਕ ਕਿਓਂ ਨਹੀਂ...?

"ਮਾਸਟਰ ਜੀ ਕੀ ਸੋਚ ਰਹੇ ਹੋ?"

ਕੁਛ ਨਹੀਂ ਕਰਮੂ, ਤੂੰ ਆਪਣਾ ਮਨ ਪੜ੍ਹਾਈ 'ਚ ਲਾ ਤੇ ਪੜ੍ਹ-ਲਿਖ ਕੇ ਇਕ ਵੱਡਾ ਆਦਮੀ ਬਣ।

"ਪੜ੍ਹ-ਲਿਖ ਕੇ ਮੈਂ ਪੁਲਸ ਦਾ ਸਿਪਾਹੀ ਬਣਾਂ..? ਤੇ ਫੇਰ ਗਰੀਬਾਂ ਤੋਂ ਹਫ਼ਤਾ ਲੈ ਕੇ ਆਪਣੀ ਮਾਂ ਵਾਸਤੇ ਮਕਾਨ ਬਣਾਵਾਂ....? ਮਾਸਟਰ ਜੀ ਇਹ ਮੇਰੇ ਤੋਂ ਨਹੀਂ ਹੋਣਾ। ਏਸ ਪੜ੍ਹਾਈ ਤੋਂ ਤਾਂ ਮੈਂ ਅਨਪੜ੍ਹ ਹੀ ਚੰਗਾ ਸੀ। ਮੰਗ ਕੇ ਖਾਂਦੇ ਸੀ ਪਰ ਕਿਸੇ ਦਾ ਹੱਕ ਤਾਂ ਨਹੀਂ ਸੀ ਖੋਂਹਦੇ। ਅਸੀਂ ਮੰਗਤੇ ਹੋ ਕੇ ਵੀ ਇਨਸਾਨ ਤੇ ਇਨਸਾਨੀਅਤ ਨੂੰ ਪਿਆਰ ਕਰਦੇ ਹਾਂ। ਉਹ ਜੋ ਅੰਨੀ ਮੰਗਤੀ ਹੈ ਨਾ...ਉਹ ਮੇਰੀ ਮਾਂ ਨਹੀਂ ਐ। ਮੇਰੀ ਮਾਂ ਤਾਂ ਮਰ ਚੁੱਕੀ ਐ। ਉਹ ਵੀ ਮੰਗਤੀ ਹੀ ਸੀ। ਉਸ ਅੰਨੀ ਮੰਗਤੀ ਦੇ ਨਾਲ ਹੀ ਮੰਗਿਆ ਕਰਦੀ ਸੀ। ਪਰ ਸੱਚ ਕਹਿੰਦਾ ਹਾਂ, ਜਦ ਦੀ ਮੇਰੀ ਮਾਂ ਮਰੀ ਹੈ ਉਸ ਔਰਤ ਨੇ ਮੈਨੂੰ ਕਦੇ ਮਾਂ ਦੀ ਕਮੀ ਮਹਿਸੂਸ ਨਹੀਂ ਹੋਣ ਦਿੱਤੀ। ਬਹੁਤ ਪਿਆਰ ਦਿੱਤਾ ਹੈ। ਪਤਾ ਨਹੀਂ ਕਿਓਂ ਮੈਂ ਸਕੂਲ 'ਚ ਜਾਣ ਵਾਲੇ ਬੱਚਿਆਂ ਨੂੰ ਦੇਖ ਬਿਹਬਲ ਹੋ ਉੱਠਦਾ ਸਾਂ ਕਿ ਮੈਂ ਵੀ ਸਕੂਲ ਜਾਵਾਂ। ਪਰ ਅੱਜ ਮੇਰਾ ਸਕੂਲ ਜਾਣ 'ਤੇ ਦਿਲ ਨਹੀਂ ਕਰਦਾ। ਮੈਂ ਜਾਣ ਚੁੱਕਾ ਹਾਂ ਕਿ ਪੜ੍ਹੇ-ਲਿਖੇ ਲੋਕਾਂ ਨੇ ਹੀ ਮੇਰੀ ਮਾਂ ਨੂੰ ਮੰਗਣ 'ਤੇ ਮਜ਼ਬੂਰ ਕੀਤਾ ਸੀ। ਉਹ ਜਨਮ ਤੋਂ ਮੰਗਤੀ ਨਹੀਂ ਸੀ।"

"ਹਾਂ ਕਰਮੂ, ਮੈਂ ਜਾਣਦਾ ਹਾਂ ਕਿ ਜਨਮ ਤੋਂ ਤਾਂ ਕੋਈ ਵੀ ਮੰਗਤਾ ਨਹੀਂ ਹੁੰਦਾ ਪਰ ਹਾਲਾਤ ਮਜ਼ਬੂਰ ਕਰ ਦਿੰਦੇ ਹਨ।"

"ਮਾਸਟਰ ਜੀ ਉਹ ਦੇਖੋ...ਇਕ ਕੁੜੀ ਸੜਕ 'ਤੇ ਮੰਗ ਰਹੀ ਹੈ। ਲੋਕ ਵੀ ਉਸ ਨੂੰ ਪੈਸੇ ਦੇ ਰਹੇ ਹਨ ਪਰ ਇਕ ਕੁੜੀ ਸਾਹਮਣੇ ਹੀ ਕੁਝ ਵੇਚ ਰਹੀ ਹੈ ਪਰ ਲੋਕ ਉਸ ਨੂੰ 'ਮੁਆਫ਼ ਕਰਨਾ' ਕਹਿ ਕੇ ਅੱਗੇ ਲੰਘ ਜਾਂਦੇ ਹਨ। ਹੁਣ ਤੁਸੀਂ ਖ਼ੁਦ ਹੀ ਅੰਦਾਜ਼ਾ ਲਾ ਲਓ ਕਿ ਲੋਕ ਤੁਹਾਨੂੰ ਖ਼ੁਦ ਹੀ ਮੰਗਣ ਲਈ ਪ੍ਰੇਰਦੇ ਹਨ ਕਿ ਨਹੀਂ?"

ਮੈਨੂੰ ਕੁਝ ਵੀ ਉਸ ਵੇਲੇ ਸੁੱਝ ਨਹੀਂ ਸੀ ਰਿਹਾ। ਮੇਰੀ ਗੱਡੀ ਵੀ ਆਉਣ ਵਾਲੀ ਸੀ। "ਅੱਛਾ ਕਰਮੂ ਮੇਰੀ ਗੱਡੀ ਆਉਣ ਵਾਲੀ ਹੈ ਤੇ ਕੱਲ੍ਹ ਤੇਰਾ ਇਮਤਿਹਾਨ ਵੀ ਹੈ। ਹੁਣ ਤੂੰ ਜਾਹ ਤੇ ਜਾ ਕੇ ਪੜ੍ਹ। ਸੱਚ ਦੇ ਸਾਹਮਣੇ ਹਮੇਸ਼ਾ ਬਹਿਸ ਜਿੱਤ ਜਾਂਦੀ ਹੈ। ਤੂੰ ਹਾਲੇ ਜ਼ਿੰਦਗੀ ਦੀ ਤਸਵੀਰ ਦਾ ਇਕ ਰੁਖ ਦੇਖਿਆ ਹੈ। ਦੂਜਾ ਦੇਖਣਾ ਹਾਲੇ ਬਾਕੀ ਹੈ। ਉਹ ਤੂੰ ਪੜ੍ਹ-ਲਿਖ ਕੇ ਹੀ ਦੇਖ ਸਕੇਂਗਾ। ਜ਼ਰੂਰੀ ਨਹੀਂ ਕਿ ਸਾਰੇ ਪੁਲਿਸ ਵਾਲੇ ਇਕੋ ਜਿਹੇ ਹੋਣ। ਇਕ ਬੰਦੇ ਨੂੰ ਲੈ ਕੇ ਤੂੰ ਸਾਰੇ ਬੰਦਿਆਂ ਵਾਸਤੇ ਇਕੋ ਜਿਹੀ ਰਾਇ ਕਿਵੇਂ ਕਾਇਮ ਕਰ ਸਕਦੈਂ? ਮੈਂ ਵੀ ਤਾਂ ਹਾਂ ਜਿਹਨੇ ਤੈਨੂੰ ਪੜ੍ਹਨ ਦੀ ਰਾਹ 'ਤੇ ਤੋਰਿਆ। ਕੀ ਮੈਂ ਤੈਥੋਂ ਕੋਈ ਫਾਇਦਾ ਚੁੱਕਿਆ ਹੈ?

"ਨਹੀਂ ਮਾਸਟਰ ਜੀ।"

"ਤਾਂ ਫੇਰ ਤੂੰ ਇਹ ਕਿਓਂ ਸੋਚਦੈਂ ਕਿ ਸਾਰੇ ਹੀ ਬੰਦੇ ਉਸ ਪੁਲਸੀਏ ਵਰਗੇ ਹੁੰਦੇ ਨੇ ਜੋ ਤੇਥੋਂ ਹਫ਼ਤਾ ਮੰਗਦੈ? ਕੁਝ ਬੰਦੇ ਮੇਰੇ ਵਰਗੇ ਵੀ ਨੇ। ਏਸੇ ਲਈ ਮੈਂ ਤੈਨੂੰ ਆਖਦਾ ਹਾਂ ਕਿ ਤੂੰ ਵੀ ਪੜ੍ਹ-ਲਿਖ ਕੇ ਪੁਲਿਸ 'ਚ ਹੀ ਭਰਤੀ ਹੋ ਕੇ ਆਪਣੀ ਤਨਖਾਹ ਵਿੱਚੋਂ ਆਪਣੀ ਮਾਂ ਵਾਸਤੇ ਮਕਾਨ ਬਣਾ ਨਾ ਕਿ ਹਫ਼ਤਾ ਲੈ ਕੇ..."

"ਠੀਕ ਐ ਮਾਸਟਰ ਜੀ...ਤੁਹਾਡੀ ਗੱਡੀ ਆ ਗਈ...ਅੱਛਾ ਰੱਬ ਰਾਖਾ ਜੀ।"

ਉਸਨੂੰ ਸਮਝਾ ਕੇ ਮੈਂ ਗੱਡੀ 'ਚ ਬੈਠ ਗਿਆ ਪਰ ਜਿਉਂ ਹੀ ਗੱਡੀ ਨੇ ਰਫ਼ਤਾਰ ਫੜੀ, ਮੇਰੀਆਂ ਅੱਖਾਂ ਖੁਦ-ਬ-ਖੁਦ ਬੰਦ ਹੋ ਗਈਆਂ। ਮੇਰੀਆਂ ਬੰਦ ਅੱਖਾਂ ਸਾਹਮਣੇ ਕਿੰਨੇ ਹੀ ਕਰਮੂ ਆ ਖੜ੍ਹੇ ਹੋਏ। ਜੋ ਸਿਰਫ ਪੁਲਿਸ ਦੇ ਮਹਿਕਮੇ ਦੀ ਹੀ ਗੱਲ ਨਹੀਂ ਸੀ ਕਰ ਰਹੇ ਬਲਕਿ ਹੋਰ ਵੀ ਕਈ ਮਹਿਕਮਿਆਂ ਬਾਰੇ ਗੱਲਾਂ ਕਰ ਰਹੇ ਸਨ, ਜਿਨ੍ਹਾਂ-ਜਿਨ੍ਹਾਂ ਨਾਲ ਵੀ ਉਨ੍ਹਾਂ ਦਾ ਵਾਹ ਪਿਆ ਸੀ, ਕਰਮੂ ਨੂੰ ਤਾਂ ਮੈਂ ਸਮਝਾ-ਬੁਝਾ ਕੇ ਚੁੱਪ ਕਰਾ ਦਿੱਤਾ ਸੀ ਪਰ ਇਨ੍ਹਾਂ ਸਾਰਿਆਂ ਦਾ ਕੀ ਕਰਾਂ?

ਮੈਨੂੰ ਖਾਮੋਸ਼ ਬੈਠਿਆਂ ਦੇਖ ਦੇ ਨਾਲ ਦੀ ਸੀਟ 'ਤੇ ਬੈਠਾ ਮੁਸਾਫ਼ਰ ਦੇਸ਼ 'ਚ ਪਏ 'ਸੋਕੇ' ਦੀ ਗੱਲ ਕਰਨ ਲੱਗਾ।

"ਦੇਖੋ ਜੀ...ਐਤਕੀਂ ਬਰਸਾਤ ਹੀ ਨਹੀਂ ਪਈ...। ਫਸਲਾਂ ਦਾ ਕੀ ਹੋਊ? ਸੋਕੇ ਨੇ ਤਾਂ ਤ੍ਰਾਹੀ ਮਚਾਈ ਪਈ ਐ।"

ਠੰਡਾ ਹਉਕਾ ਭਰਦਿਆਂ ਮੈਂ ਸਹਿਵਨ ਹੀ ਆਖ ਗਿਆ, "ਹਾਅ ਜੀ ਕਿਹੜੇ-ਕਿਹੜੇ ਸੋਕੇ ਦੀ ਗੱਲ ਕਰੀਏ? ਆਉਣ ਵਾਲੀ ਫਸਲ ਤੇ ਨਸਲ ਦੀਆਂ ਤਾਂ ਜੜ੍ਹਾਂ ਹੀ ਖੋਖਲੀਆਂ ਕਰ ਦਿੱਤੀਆਂ ਨੇ ਇਸ ਸੋਕੇ ਨੇ। " ਗੱਡੀਓਂ ਉੱਤਰ ਮੈਂ ਘਰ ਚਲਾ ਗਿਆ। ਕੁਝ ਦਿਨ ਤਾਂ ਮੈਂ ਬਹੁਤ ਬੇਚੈਨ ਰਿਹਾ। ਫੇਰ ਮੇਰੀ ਬਦਲੀ ਹੋ ਗਈ। ਉਸ ਤੋਂ ਕੁਝ ਸਾਲ ਬਾਅਦ ਤੇਰੇ ਨਾਲ ਵਿਆਹ ਦੀ ਗੱਲ ਚੱਲ ਪਈ। ਵਿਆਹ ਤੋਂ ਬਾਅਦ ਪਹਿਲੀ ਵਾਰ ਏਸ ਪਲੇਟਫਾਰਮ ਤੇ ਆਇਆ ਤਾਂ ਉਸ ਖਾਲੀ ਥਾਂ ਨੂੰ ਦੇਖ ਕੇ ਮੈਨੂੰ ਕਰਮੂ ਦੀ ਕਹਾਣੀ ਯਾਦ ਆ ਗਈ।

# ਬੇਗੋਵਾਲ ਦਾ 69ਵਾਂ ਮੇਲਾ



ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69ਵੀਂ ਸਲਾਨਾ ਬਰਸੀ ਹਰ ਸਾਲ ਦੇਸ਼-ਵਿਦੇਸ਼ ਵਿਚ ਵੱਡੀ ਪੱਧਰ ’ਤੇ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਜਾਂਦੀ ਹੈ। ਸੰਤਾਂ ਦਾ ਜਨਮ ਦਿਨ ਵੀ ਬੜੀ ਵੱਡੀ ਪੱਧਰ ’ਤੇ ਬੇਗੋਵਾਲ ਅਤੇ ਹੋਰ ਗੁਰੂ ਘਰਾਂ ਵਿਚ ਮਨਾਇਆ ਜਾਂਦਾ ਹੈ। ਸੰਤ ਪ੍ਰੇਮ ਸਿੰਘ ਜੀ ਵਿੱਦਿਆਦਾਨੀ, ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਚੇਤਨਤਾ ਦੇ ਮਸੀਹਾ ਸਨ। ਉਨ੍ਹਾਂ ਦੀ ਯਾਦ ਵਿਚ ਬਣੇ ਬੇਗੋਵਾਲ ਵਿਖੇ ਬਹੁਤ ਹੀ ਵਿਸ਼ਾਲ ਅਤੇ ਖ਼ੂਬਸੂਰਤ ਗੁਰਦੁਆਰਾ ਸਾਹਿਬ ਸਥਾਪਤ ਹੈ। ਜਿਸ ਦੀ ਸੇਵਾ ਅੱਜਕਲ੍ਹ ਸਤਿਕਾਰਯੋਗ ਬੀਬੀ ਜਗੀਰ ਕੌਰ ਜੀ ਸਾਬਕਾ ਪ੍ਰਧਾਨ ਐਸ.ਜੀ.ਪੀ.ਸੀ. ਅੰਮ੍ਰਿਤਸਰ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਇਸਤਰੀ ਵਿੰਗ ਕਰ ਰਹੇ ਹਨ। 1987 ਈ. ਤੋਂ ਬੀਬੀ ਜੀ ਨੇ ਬਹੁਤ ਵੱਡਾ ਅਤੇ ਦਲੇਰਾਨਾ ਫੈਸਲਾ ਕਰਕੇ ਸਰਕਾਰੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਡੇਰੇ ਵਿਚ ਵੱਡੇ-ਵੱਡੇ ਪ੍ਰਾਜੈਕਟ ਸ਼ੁਰੂ ਕੀਤੇ ਗਏ ਅਤੇ ਉਨ੍ਹਾਂ ਨੂੰ ਸੰਪੂਰਨ ਵੀ ਕੀਤਾ। ਸੰਤਾਂ ਬਾਰੇ ਬਹੁਤ ਸਾਰੇ ਵਿਦਵਾਨਾਂ, ਲੇਖਕਾਂ ਅਤੇ ਬੁੱਧੀਜੀਵੀਆਂ ਨੇ ਆਪਣੀ-ਆਪਣੀ ਸਮਰੱਥਾ ਮੁਤਾਬਕ ਉਨ੍ਹਾਂ ਦੇ ਜੀਵਨ ਦੇ ਹਰ ਇਕ ਪੱਖ ਨੂੰ ਬਾਖ਼ੂਬੀ ਨਾਲ ਪੇਸ਼ ਕੀਤਾ ਹੈ। ਮੈਂ 2 ਜੂਨ 1950 ਈ. ਨੂੰ ਉਨ੍ਹਾਂ ਦੇ ਸਵਰਗਵਾਸ ਹੋਣ ਤੋਂ ਬਾਅਦ ਹੋਏ ਸ਼ਰਧਾਂਜਲੀ ਸਮਾਰੋਹ ਬਾਰੇ ਉਨ੍ਹਾਂ ਨੂੰ ਸ਼ਰਧਾ ਵਜੋਂ ਜੋ ਉਸ ਸਮੇਂ ਦੀਆਂ ਮਹਾਨ ਸ਼ਖ਼ਸੀਅਤਾਂ ਨੇ ਸ਼ਬਦ ਕਹੇ ਉਹ ਤੁਹਾਡੇ ਨਾਲ ਸਾਂਝੇ ਕਰਨਾ ਚਾਹੁੰਦਾ ਹਾਂ -




**ਜੋਗਿੰਦਰ ਸਿੰਘ ਅਜੈਬ**
**ਕੋ-ਐਡੀਟਰ**
98152-69145


ਉਸ ਵੇਲੇ **ਪੰਜਾਬ ਦੇ ਮੁੱਖ ਮੰਤਰੀ ਡਾ. ਗੋਪੀ ਚੰਦ ਭਾਰਗੋ** ਵੱਲੋਂ ਦਿੱਤੀ ਗਈ ਸ਼ਰਧਾਂਜਲੀ ਵਿਚ ਕਿਹਾ ਗਿਆ ਕਿ ਸੰਤ ਪ੍ਰੇਮ ਸਿੰਘ ਜੀ ਇਕ ਧਾਰਮਿਕ ਪੁਰਸ਼ ਸਨ, ਜਿਨ੍ਹਾਂ ਨੇ ਪੱਛੜੀਆਂ ਜਾਤੀਆਂ, ਖਾਸ ਕਰਕੇ ਸਿੱਖਾਂ ਦੀ ਵਿਦਿਅਕ ਉੱਨਤੀ ਲਈ ਬਹੁਤ ਕੁੱਝ ਕੀਤਾ। ਉਹ ਇਕ ਸਮਾਜ ਸੁਧਾਰਕ ਸਨ ਤੇ ਉਨ੍ਹਾਂ ਨੇ ਕੁਰੀਤੀਆਂ ਨੂੰ ਦੂਰ ਕਰਨ ਦਾ ਪ੍ਰਚਾਰ ਕੀਤਾ।

**ਸ. ਪ੍ਰਤਾਪ ਸਿੰਘ ਕੈਰੋਂ** ਵੱਲੋਂ ਪੰਜਾਬ ਅਸੈਂਬਲੀ ਵਿਚ ਸੰਤ ਪ੍ਰੇਮ ਸਿੰਘ ਜੀ ਨੂੰ ਸ਼ਰਧਾਂਜਲੀ ਦਿੰਦੇ ਵਕਤ ਆਖਿਆ ਗਿਆ ਕਿ ਸੰਤ ਪ੍ਰੇਮ ਸਿੰਘ ਅਸਲ ਵਿਚ ਦੇਵਤਾ ਸਨ। ਉਹ ਘੱਟ ਬੋਲਦੇ ਸਨ, ਪਰ ਉਨ੍ਹਾਂ ਦੇ ਦਿਲ ਵਿਚ ਹਰ ਇਕ ਲਈ ਅਥਾਹ ਪਿਆਰ

ਸੀ। ਇਨ੍ਹਾਂ ਨੇ ਲੁਬਾਣਾ ਬਰਾਦਰੀ ਦੀ ਉੱਨਤੀ ਲਈ ਸੁਘੜ ਸੇਵਾ ਕੀਤੀ। ਆਪ ਜੀ ਦੇ ਵਿਛੜਨ ਨਾਲ ਮੇਰੇ ਖਿਆਲ ਵਿਚ ਇਸ ਬਰਾਦਰੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਉਸ ਸਮੇਂ ਦੇ **ਰੈਵਿਨਿਊ ਮਨਿਸਟਰ ਗਿਆਨੀ ਕਰਤਾਰ ਸਿੰਘ** ਨੇ ਆਪਣੇ ਸ਼ਰਧਾਂਜਲੀ ਸੰਬੋਧਨ ਵਿਚ ਕਿਹਾ ਕਿ ਸੰਤ ਪ੍ਰੇਮ ਸਿੰਘ ਸਾਡਾ ਸਾਥੀ, ਜੋ ਸਾਡੇ ਕੋਲ ਹੁਣ ਨਹੀਂ ਹੈ, ਵੰਡ ਤੋਂ ਪਹਿਲਾਂ ਗੁਜਰਾਤ ਜ਼ਿਲ੍ਹੇ ਦੇ ਵਾਸੀਆਂ ਲਈ ਇਕ ਤਾਕਤ ਦਾ ਸੋਮਾ ਸੀ। ਆਖ਼ਰੀ ਦਮ ਤੱਕ ਉਹ ਆਪਣੇ ਜ਼ਿਲ੍ਹੇ ਦੇ ਪੀੜਤਾਂ ਨੂੰ ਮੁੜ ਵਸਾਉਣ ਲਈ ਸਹਾਇਤਾ ਕਰਦੇ ਰਹੇ।

ਉਸ ਸਮੇਂ ਦੇ **ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕਪੂਰ ਸਿੰਘ** ਵੱਲੋਂ ਦਿੱਤੀ ਗਈ ਸ਼ਰਧਾਂਜਲੀ ਵਿਚ ਉਨ੍ਹਾਂ ਕਿਹਾ ਕਿ ਸੰਤ ਪ੍ਰੇਮ ਸਿੰਘ ਜੀ ਦੀ ਅਣਹੋਂਦ ਨੂੰ ਮੈਂ ਬਹੁਤ ਮਹਿਸੂਸ ਕਰਦਾ ਹਾਂ। ਮੈਂ ਜਾਣਦਾ ਹਾਂ ਕਿ ਉਹ ਆਪਣੇ ਸੇਵਕਾਂ ਲਈ ਬਹੁਤ ਕੁਝ ਕਰ ਰਹੇ ਸਨ। ਮੇਰਾ ਮਤਲਬ ਆਪਣੇ ਸੇਵਕਾਂ ਦੀ ਆਤਮਿਕ ਉੱਨਤੀ ਲਈ ਹੀ ਨਹੀਂ ਬਲਕਿ ਆਪਣੇ ਸਾਰੇ ਹਲਕੇ ਵਾਲਿਆਂ ਲਈ ਵੀ।

**ਸ. ਸਵਰਨ ਸਿੰਘ ਜੀ** ਵੱਲੋਂ ਦਿੱਤੀ ਗਈ ਸ਼ਰਧਾਂਜਲੀ ਵਿਚ ਉਨ੍ਹਾਂ ਕਿਹਾ ਕਿ ਸੰਤ ਪ੍ਰੇਮ ਸਿੰਘ ਜੀ ਉਹ ਪੁਰਸ਼ ਸਨ, ਜਿਨ੍ਹਾਂ ਨੇ ਸੂਬੇ ਦੇ ਲੋਕਾਂ ਦੀ ਜ਼ਿੰਦਗੀ ਲਈ ਕਾਫੀ ਕੁਝ ਕੀਤਾ। ਕੋਈ 15-16 ਸਾਲ ਤੱਕ ਉਹ ਇਸ ਮਾਨਯੋਗ ਹਾਊਸ ਦੇ ਮੈਂਬਰ ਰਹੇ। ਇਸ ਅਰਸੇ ਵਿਚ ਉਨ੍ਹਾਂ ਨੇ ਦਿਲੋਂ ਹੋ ਕੇ ਉਨ੍ਹਾਂ ਦੀ ਵਿਦਿਅਕ ਉੱਨਤੀ ਲਈ ਕੰਮ ਕੀਤਾ, ਜਿਨ੍ਹਾਂ ਨੇ ਕਿ ਉਨ੍ਹਾਂ ਨੂੰ ਆਪਣਾ ਆਗੂ ਪ੍ਰਵਾਨ ਕੀਤਾ ਸੀ। ਮੈਂ ਆਪ ਵੇਖਿਆ ਹੈ ਕਿ ਕਿਵੇਂ ਉਨ੍ਹਾਂ ਦੇ ਸ਼ਿਸ਼ ਇਨ੍ਹਾਂ ਦਾ ਆਦਰ ਮਾਣ ਕਰਦੇ ਸਨ ਅਤੇ ਜਿਨ੍ਹਾਂ ਲਈ ਇਨ੍ਹਾਂ ਦਾ ਕਥਨ ਹੁਕਮ ਹੁੰਦਾ ਸੀ। ਕਿਸੇ ਦਲੀਲ ਜਾਂ ਨਾਹ-ਨੁੱਕਰ ਤੋਂ ਬਗੈਰ ਮੰਨਿਆ ਜਾਂਦਾ ਸੀ। ਕਿਉਂਕਿ ਇਨ੍ਹਾਂ ਨੇ ਉਨ੍ਹਾਂ ਦੀ ਉੱਨਤੀ ਲਈ ਕੋਈ ਉੱਦਮ ਬਾਕੀ ਨਹੀਂ ਸੀ ਰਹਿਣ ਦਿੱਤਾ ਹੋਇਆ। ਉਨ੍ਹਾਂ ਨੇ ਮੁੰਡਿਆਂ ਕੁੜੀਆਂ ਲਈ ਕਈ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ। ਇਨ੍ਹਾਂ ਦਾ ਖਰਚ ਉਹ ਆਪਣੀ ਜੇਬ ਵਿਚੋਂ ਕਰਦੇ ਸਨ ਜਾਂ ਉਸ ਮਾਇਆ ਵਿਚੋਂ ਜੋ ਕਿ ਇਨ੍ਹਾਂ ਕੋਲ ਚੜ੍ਹਾਵੇ ਦੇ ਤੌਰ ਤੇ ਜਮ੍ਹਾਂ ਹੁੰਦੀ ਸੀ।

ਦੀ ਟ੍ਰਿਬਿਊਨ (The Tribune, Chandigarh) 6 ਜੂਨ 1950 ਦੇ ਪਰਚੇ ਵਿਚ ਲਿਖਦਾ ਹੈ।

"ਸੰਤ ਪ੍ਰੇਮ ਸਿੰਘ ਇਕ ਸਿੱਦੇ ਸਾਦੇ ਪੁਰਸ਼ ਸਨ ਜਿਨ੍ਹਾਂ ਵਿਚ ਕੋਈ ਹੰਕਾਰ ਵਾਲੀ ਗੱਲ ਨਹੀਂ ਸੀ। ਬਤੌਰ ਐਮ.ਐਲ.ਏ. ਆਪਣੇ ਇਲਾਕੇ ਲਈ ਸਰਕਾਰ ਨੂੰ ਜ਼ੋਰਦਾਰ ਪ੍ਰੇਰਨਾ ਕਰਦੇ ਰਹਿੰਦੇ ਸਨ। ਉਹ ਆਪਣੀ ਲੁਬਾਣਾ ਬਰਾਦਰੀ ਦੇ ਧਾਰਮਿਕ ਆਗੂ ਅਤੇ ਸਿਆਸੀ ਨੇਤਾ ਸਨ। ਉਹ ਅਪ੍ਰੈਲ 1937 ਈ. ਤੋਂ ਅਸੈਂਬਲੀ ਵਿਚ ਆਪਣੀ ਬਰਾਦਰੀ ਦੇ ਨੁਮਾਇੰਦੇ ਚਲੇ ਆ ਰਹੇ ਸਨ। ਇਹਨਾਂ ਦੀ ਵਿਦਿਅਕ ਖੇਤਰ ਵਿਚ ਸੇਵਾਵਾਂ ਬੜੀਆਂ ਸ਼ਲਾਘਾਯੋਗ ਹਨ। ਇਹਨਾਂ ਨੇ ਪੰਜਾਬ ਦੇ ਗੁਜਰਾਤ, ਮੁਲਤਾਨ ਅਤੇ ਸ਼ੇਖੂਪੁਰਾ ਵਿਚ ਕਈ ਹਾਈ ਸਕੂਲ ਖੋਹਲੇ, ਜਿਨ੍ਹਾਂ ਵਿਚ ਬਗੈਰ ਕਿਸੇ ਜਾਤ-ਪਾਤ ਦੇ ਭੇਦ ਤੋਂ ਲੋੜਵੰਦ ਅਤੇ ਗਰੀਬ ਬੱਚਿਆਂ ਨੂੰ ਮੁਫਤ ਵਿਦਿਆ ਦਿੱਤੀ ਜਾਂਦੀ ਸੀ। ਇਹਨਾਂ ਨੇ ਕੁੜੀਆਂ ਦੀ ਵਿੱਦਿਆ ਵੱਲ ਵੀ ਧਿਆਨ ਦਿੱਤਾ ਅਤੇ ਇਹਨਾਂ ਲਈ ਦੋ ਮਿਡਲ ਸਕੂਲ ਖੋਹਲੇ। ਦੇਸ਼ ਦੀ ਵੰਡ ਮਗਰੋਂ ਇਹਨਾਂ ਨੇ ਪੂਰਬੀ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਵਿਚ, ਜਿਥੇ ਕਿ ਗੁਜਰਾਤ ਅਤੇ ਸ਼ੇਖੂਪੁਰਾ ਜ਼ਿਲ੍ਹਿਆਂ ਤੋਂ ਆਏ ਕਾਫੀ ਲੋਕ ਵੱਸ ਗਏ ਸਨ, ਦੋ ਹਾਈ ਸਕੂਲ ਖੋਹਲੇ।"

ਇਸ ਸਾਲ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69ਵੀਂ ਬਰਸੀ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ ਸੰਤਾਂ ਦੇ ਗੁਰਦੁਆਰਾ ਸਾਹਿਬ ਵਿਚ ਸਵੇਰੇ-ਸ਼ਾਮ ਵਿਸ਼ੇਸ਼ ਪ੍ਰੋਗਰਾਮ ਉਲੀਕੇ ਜਾਂਦੇ ਹਨ। ਸੰਗਤਾਂ ਦਾ ਪ੍ਰਵਾਹ ਦਿਨੋਂ-ਦਿਨ ਵੱਧਦਾ ਜਾਂਦਾ ਹੈ। ਗੁਰੂ ਕਾ ਲੰਗਰ ਲਗਾਤਾਰ ਚੱਲਦਾ ਰਹਿੰਦਾ ਹੈ। ਆਖਰੀ ਦਿਨਾਂ ਵਿਚ ਸੰਗਤਾਂ ਦੀ ਗਿਣਤੀ ਹਜ਼ਾਰਾਂ ਵਿਚ ਪਹੁੰਚ ਜਾਂਦੀ ਹੈ ਅਤੇ 3 ਜੂਨ ਨੂੰ ਲੋਕ ਆਪਣੇ ਹਰਮਨ ਪਿਆਰੇ ਲੀਡਰਾਂ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਆਏ ਹੋਏ ਹਜ਼ੂਰੀ ਰਾਗੀਆਂ ਦੇ ਸ਼ਬਦ-ਕੀਰਤਨ ਦਾ ਆਨੰਦ ਮਾਣਦੀਆਂ ਹਨ। ਇਸ ਵਾਰ ਸੰਤਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਵਾਲਿਆਂ ਵਿਚ ਵਿਸ਼ੇਸ਼ ਤੌਰ 'ਤੇ ਨਰਿੰਦਰ ਮੋਦੀ ਦੀ ਨਵੀਂ ਬਣੀ ਸਰਕਾਰ ਵਿਚ ਪੰਜਾਬ ਦੇ ਕੇਂਦਰੀ ਵਣਜ ਅਤੇ ਉਦਯੋਗ ਰਾਜ ਮੰਤਰੀ ਸ੍ਰੀ ਸੋਮ ਪ੍ਰਕਾਸ਼ ਜੀ ਬੇਗੋਵਾਲ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਕਿਹਾ ਕਿ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦਾ ਆਦਰਸ਼ ਜੀਵਨ ਸਾਡੇ ਸਾਰਿਆਂ ਲਈ ਇਕ ਚਾਨਣ ਮੁਨਾਰਾ ਹੈ। ਕੇਂਦਰੀ ਮੰਤਰੀ ਨੇ ਜਿੱਥੇ ਭੁਲੱਥ ਹਲਕੇ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ ਉਥੇ ਬੀਬੀ ਜੀ ਜੋ ਧਾਰਮਿਕ ਅਤੇ ਰਾਜਨੀਤਿਕ ਸੇਵਾ ਨਿਭਾਅ ਰਹੇ ਹਨ ਦੀ ਸ਼ਲਾਘਾ ਕੀਤੀ।

ਅੰਤ ਵਿਚ ਬੀਬੀ ਜਗੀਰ ਕੌਰ ਜੀ ਨੇ ਇਲਾਕੇ ਦੇ ਸਰਪੰਚਾਂ, ਪੰਚਾਂ, ਜਥੇਦਾਰਾਂ, ਐਨ.ਆਰ.ਆਈ. ਵੀਰਾਂ, ਛਬੀਲਾਂ ਅਤੇ ਲੰਗਰ ਦੀ ਸੇਵਾ ਨਿਭਾਉਣ ਵਾਲਿਆਂ ਅਤੇ ਹਰ ਤਰ੍ਹਾਂ ਦੀ ਸੇਵਾ ਕਰਨ ਵਾਲਿਆਂ ਦਾ ਦਿਲੋ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗੋਲਡਨ ਐਵੀਨਿਊ ਮਕਸੂਦਾਂ ਵਿਖੇ ਸੰਤਾਂ ਦੀ 69ਵੀਂ ਬਰਸੀ ਸੰਬੰਧੀ ਕਰਵਾਏ ਗਏ ਵਿਸ਼ੇਸ਼ ਸਮਾਗਮ


ਸੰਤ ਪ੍ਰੇਮ ਸਿੰਘ ਵੈਲਫੇਅਰ ਸੁਸਾਇਟੀ ਮਕਸੂਦਾਂ ਵੱਲੋਂ ਇਸ ਸਾਲ ਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ 69ਵੀਂ ਬਰਸੀ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਗੁਰੂ ਘਰ ਵਿਚ ਮਨਾਈ ਗਈ। ਜਿਸ ਵਿਚ ਵਿਸ਼ੇਸ਼ ਤੌਰ ’ਤੇ ਮੁੱਖ ਸੇਵਾਦਾਰ ਬੀਬੀ ਜਗੀਰ ਕੌਰ ਜੀ, ਸਾਬਕਾ ਵਿਧਾਇਕ ਕੇ.ਡੀ. ਭੰਡਾਰੀ, ਸ. ਕੁਲਵੰਤ ਸਿੰਘ ਮੰਨਣ ਮੈਂਬਰ ਐਸ.ਜੀ.ਪੀ.ਸੀ., ਪ੍ਰੀਤਮ ਸਿੰਘ ਨਾਰੰਗਪੁਰ, ਕਸ਼ਮੀਰ ਸਿੰਘ ਮੁਲਤਾਨੀ, ਪਰਮਜੀਤ ਸਿੰਘ, ਪ੍ਰਿੰ. ਟਹਿਲ ਸਿੰਘ, ਸੁਰਿੰਦਰ ਸਿੰਘ ਟਾਹਲੀ, ਰਣਜੀਤ ਸਿੰਘ ਗੋਲਡੀ, ਅਮਰਜੀਤ ਸਿੰਘ ਘੋਤੜਾ, ਕੈਪਟਨ ਪ੍ਰਕਾਸ਼ ਸਿੰਘ, ਕੈਪਟਨ ਕਾਬਲ ਸਿੰਘ, ਅਵਤਾਰ ਸਿੰਘ ਘੁੰਮਣ, ਰੁਪਿੰਦਰਪਾਲ ਸਿੰਘ ਬਿੱਟੂ, ਇੰਦਰਜੀਤ ਸਿੰਘ ਨਾਗਰਾ, ਪ੍ਰੀਤ ਖਾਲਸਾ, ਸ. ਚਰਨ ਸਿੰਘ ਮੁਲਤਾਨੀ, ਜਥੇਦਾਰ ਮੰਗਲ ਸਿੰਘ, ਉਮ ਪ੍ਰਕਾਸ਼ ਭਾਟੀਆ ਆਦਿ ਹਾਜ਼ਰ ਸਨ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਵੱਲੋਂ ਸ. ਬਲਵਿੰਦਰ ਸਿੰਘ ਮੁਲਤਾਨੀ, ਸੂਬੇਦਾਰ ਮੇਜਰ ਅਮਰਜੀਤ ਸਿੰਘ, ਸ. ਨਿਰਮਲ ਸਿੰਘ, ਗੁਲਸ਼ਨ ਕੁਮਾਰ ਸਿੰਘ ਆਦਿ ਵਿਸ਼ੇਸ਼ ਤੌਰ ’ਤੇ ਇਸ ਸਮਾਗਮ ਵਿਚ ਹਾਜ਼ਰ ਹੋਏ।





**ਪਿਛਲੇ ਦਿਨੀਂ ਕੈਨੇਡਾ ਤੋਂ ਘੁੰਮ ਕੇ ਆਏ ਮਾਸਟਰ ਮੱਖਣ ਸਿੰਘ ਜੀ ਅਤੇ ਉਨ੍ਹਾਂ ਦੇ ਸਾਥੀ ਗੁਰਦੁਆਰਾ ਸੰਤ ਪ੍ਰੇਮ ਸਿੰਘ ਜੀ 66 ਫੁੱਟੀ ਰੋਡ ਜਲੰਧਰ ਵਿਖੇ ਪਹੁੰਚਣ ’ਤੇ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਸਨਮਾਨਤ ਕਰਦੇ ਹੋਏ ਸ. ਮਹਿੰਦਰ ਸਿੰਘ ਡੀ.ਐਸ.ਪੀ. (ਰਿਟਾ.), ਅਵਤਾਰ ਸਿੰਘ ਡੀ.ਐਸ.ਪੀ. (ਰਿਟਾ.), ਡਾ. ਕਰਨੈਲ ਸਿੰਘ, ਇੰਜ. ਸ. ਪਰਮਿੰਦਰਜੀਤ ਸਿੰਘ, ਸ. ਜੋਗਿੰਦਰ ਸਿੰਘ ਅਜੈਬ, ਸ. ਅਵਤਾਰ ਸਿੰਘ ਲੈਕਚਰਾਰ ਅਤੇ ਗੁਰੂ ਘਰ ਦੇ ਗ੍ਰੰਥੀ ਸਾਹਿਬਾਨ।**

# ਦਿਲ ਦੇ ਮਰੀਜ਼ਾਂ ਲਈ ਸੁਝਾਅ



ਭਾਰਤ ਵਿਚ ਇਸ ਸਮੇਂ ਕਰੋੜਾਂ ਲੋਕ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਹਨ। ਜ਼ਿੰਦਗੀ ਦੇ ਰੰਗ-ਢੰਗ ਬਦਲਣ ਤੇ ਵਧਦੇ ਤਣਾਅ ਕਾਰਨ ਹੁਣ ਬੁੱਢੇ ਹੀ ਨਹੀਂ ਸਗੋਂ ਨੌਜਵਾਨ ਵੀ ਦਿਲ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਪੱਛਮੀ ਦੇਸ਼ਾਂ ਦੇ ਮੁਕਾਬਲੇ ਭਾਰਤ ਵਿਚ ਇਹ ਸਮੱਸਿਆ ਕੁਝ ਜ਼ਿਆਦਾ ਹੀ ਗੰਭੀਰ ਹੈ। ਭਾਰਤ ਵਿਚ ਦਿਲ ਦੇ ਦੌਰਿਆਂ ਤੋਂ ਪੀੜਤ 40 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀ ਗਿਣਤੀ 40 ਫੀਸਦੀ ਹੈ, ਜਦੋਂ ਕਿ ਉਤਰੀ ਅਮਰੀਕਾ ਸਣੇ ਪੱਛਮੀ ਦੇਸ਼ਾਂ ਵਿਚ ਇਹ ਅੰਕੜਾ ਸਿਰਫ਼ ਚਾਰ ਫ਼ੀਸਦੀ ਹੈ।

**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਸੀਨੀਅਰ ਮੀਤ ਪ੍ਰਧਾਨ**
**98144-74535**



ਹਾਰਟ ਅਟੈਕ ਦੀਆਂ ਬਹੁਤੀਆਂ ਘਟਨਾਵਾਂ ਸਵੇਰ ਵੇਲੇ ਵਾਪਰਦੀਆਂ ਹਨ। ਇਸ ਲਈ ਸਵੇਰੇ ਤੜਕਸਾਰ ਛਾਤੀ 'ਚ ਉਠੇ ਦਰਦ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਛਾਤੀ 'ਚ ਖੱਬੇ ਪਾਸੇ ਉਠਿਆ ਦਰਦ ਜ਼ਰੂਰੀ ਨਹੀਂ ਹਾਰਟ ਅਟੈਕ ਹੀ ਹੋਵੇ! ਦੂਜਾ, ਜੇਕਰ ਛਾਤੀ ਦਰਦ ਦੀ ਮਿਆਦ 30 ਸਕਿੰਟਾਂ ਤੋਂ ਘੱਟ ਹੋਵੇ ਤਾਂ ਸਮਝੋ, ਇਹ ਹਾਰਟ ਅਟੈਕ ਦੀ ਘਟਨਾ ਨਹੀਂ ਹੈ।

ਗੁੱਸਾ, ਉਦਾਸੀ, ਚਿੜਚਿੜਾਪਣ, ਤਣਾਅ ਆਦਿ ਵੀ ਦਿਲ ਦੀਆਂ ਬਿਮਾਰੀਆਂ ਲਈ ਰਾਹ ਪੱਧਰਾ ਕਰਦੇ ਹਨ। ਗੁੱਸਾ ਅਤੇ ਤਣਾਅ ਦਿਲ ਦੀਆਂ ਬਿਮਾਰੀਆਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਗੁੱਸਾ, ਤਣਾਅ ਅਤੇ ਧਮਣੀਆਂ ਵਿਚ ਰੁਕਾਵਟ ਤੋਂ ਇਲਾਵਾ ਖਾਣ-ਪੀਣ ਦੀਆਂ ਮਾੜੀਆਂ ਆਦਤਾਂ, ਵਰਜਿਸ਼ ਦੀ ਘਾਟ, ਮੋਟਾਪਾ ਅਤੇ ਤੰਬਾਕੂਨੋਸ਼ੀ ਦਿਲ ਦੀਆਂ ਬਿਮਾਰੀਆਂ ਦੇ ਮੁੱਖ ਕਾਰਨ ਹਨ। ਕਿਹਾ ਜਾ ਸਕਦਾ ਹੈ ਕਿ ਦਿਲ ਦੀਆਂ ਬਿਮਾਰੀਆਂ ਕੁਦਰਤ ਦੇ ਅਸੂਲਾਂ ਦੀ ਉਲੰਘਣਾ ਦੀ ਸਜ਼ਾ ਹੈ। ਗ਼ੌਰਤਲਬ ਹੈ ਕਿ ਜੰਗਲੀ ਜੀਵ ਦਿਲ ਦੀਆਂ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ, ਕਿਉਂਕਿ ਉਹ ਆਪਣਾ ਜੀਵਨ ਕੁਦਰਤ ਦੇ ਅਸੂਲਾਂ ਅਨੁਸਾਰ ਬਤੀਤ ਕਰਦੇ ਹਨ।

ਸ਼ਿਫ਼ਟਾਂ 'ਤੇ ਕੰਮ ਕਰਨਾ ਵੀ ਕਿਸੇ ਵਿਅਕਤੀ ਨੂੰ ਦਿਲ ਦੀ ਬਿਮਾਰੀ ਹੋਣ ਦੇ ਖ਼ਤਰੇ ਦੇ ਨੇੜੇ ਕਰ ਦਿੰਦਾ ਹੈ, ਕਿਉਂਕਿ ਦਿਲ ਕਹਿ ਰਿਹਾ ਹੁੰਦਾ ਹੈ ਕਿ ਕੰਮ ਦਾ ਸਮਾਂ ਰਾਤ ਨਹੀਂ, ਸਗੋਂ ਦਿਨ ਹੈ, ਯਾਨੀ ਦਿਲ ਅੱਧੀ ਰਾਤ ਨੂੰ ਕੰਮ ਕਰਨ ਲਈ ਤਿਆਰ ਨਹੀਂ ਹੁੰਦਾ। ਦਰਅਸਲ, ਇਹ ਵੀ ਕੁਦਰਤ ਦੇ ਨਿਯਮਾਂ ਦੀ ਉਲੰਘਣਾ ਹੈ, ਜਿਸ ਕਾਰਨ ਦਿਲ ਦਬਾਅ ਹੇਠ ਆ ਜਾਂਦਾ ਹੈ।

ਹੁਣ ਸਵਾਲ ਇਹ ਉਠਦਾ ਹੈ ਕਿ ਦਿਲ ਨੂੰ ਤੰਦਰੁਸਤ ਰੱਖਣ ਲਈ ਕਿਸ ਤਰ੍ਹਾਂ ਦੇ ਹਿਫ਼ਾਜ਼ਤੀ ਕਦਮ ਚੁੱਕੇ ਜਾਣ। ਇਸ ਸੰਬੰਧ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੀਵਨਸ਼ੈਲੀ ਅਤੇ ਖਾਣ-ਪੀਣ ਦੀਆਂ ਆਦਤਾਂ ਵਿਚ ਬਦਲਾਅ ਲਿਆਇਆ ਜਾਵੇ। ਮੰਨੇ-ਪ੍ਰਮੰਨੇ ਦਿਲ ਦੇ ਰੋਗਾਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਭਾਰਤ ਵਾਸੀਆਂ ਨੇ ਜੀਵਨਸ਼ੈਲੀ 'ਚ ਬਦਲਾਅ ਨਾ ਕੀਤਾ ਤਾਂ ਦੇਸ਼ 'ਚ ਦਿਲ ਦੇ ਮਰੀਜ਼ਾਂ ਦੀ ਗਿਣਤੀ ਖ਼ਤਰਨਾਕ ਰੂਪ 'ਚ ਵਧਦੀ ਰਹੇਗੀ। ਇਨ੍ਹਾਂ ਮਾਹਿਰਾਂ ਅਨੁਸਾਰ ਜੇਕਰ ਦਿਲ ਦੇ ਮਰੀਜ਼ਾਂ ਦੀ ਸੰਖਿਆ 'ਚ ਵਾਧੇ ਦੀ ਇਹੀ ਦਰ ਰਹੀ ਤਾਂ 2020 ਤੱਕ ਅਜਿਹੇ ਰੋਗੀਆਂ ਦੀ ਸੰਖਿਆ ਦੇ ਮਾਮਲੇ 'ਚ ਭਾਰਤ ਦੁਨੀਆਂ ਦਾ ਨੰਬਰ ਇਕ ਦੇਸ਼ ਬਣ ਜਾਵੇਗਾ। ਭਾਰਤ ਦੇ ਉਤਰੀ ਖੇਤਰ ਦੇ ਲੋਕਾਂ, ਖਾਸਕਰ ਸਿੱਖ ਭਾਈਚਾਰੇ ਦੇ ਲੋਕਾਂ ਵਿਚ ਦਿਲ ਦੇ ਰੋਗਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜੋ ਸਾਡੇ ਲਈ ਚਿੰਤਾ ਵਾਲੀ ਗੱਲ ਹੈ।

ਅਮਰੀਕਾ ਦੇ ਖੋਜੀਆਂ ਦਾ ਕਹਿਣਾ ਹੈ ਕਿ ਦਿਲ ਨੂੰ ਤੰਦਰੁਸਤ ਰੱਖਣ ਲਈ ਘੱਟੋ-ਘੱਟ ਰੋਜ਼ਾਨਾ 7 ਘੰਟੇ ਸੌਣਾ ਜ਼ਰੂਰੀ ਹੈ। ਖੋਜੀਆਂ ਅਨੁਸਾਰ ਪੂਰੀ ਤੇ ਗੂੜ੍ਹੀ ਨੀਂਦ ਦਾ ਨਜ਼ਾਰਾ ਨਾ ਲੈਣ ਵਾਲਿਆਂ ਨੂੰ ਤਣਾਅ ਅਤੇ ਦਿਲ ਦੀਆਂ ਬਿਮਾਰੀਆਂ ਆ ਘੇਰਦੀਆਂ ਹਨ।

ਮੋਟਾਪਾ, ਦਿਲ ਦੇ ਰੋਗਾਂ ਨੂੰ ਵਿਸ਼ੇਸ਼ ਬੁਲਾਵਾ ਦਿੰਦਾ ਹੈ। ਸੋ, ਮੋਟਾਪੇ ਨੂੰ ਨੇੜੇ ਨਾ ਫਟਕਣ ਦਿਓ। ਰੋਜ਼ਾਨਾ ਕਸਰਤ (ਘੱਟੋ-ਘੱਟ ਸਵੇਰੇ-ਸ਼ਾਮ ਸੈਰ), ਦਿਲ ਦੇ ਰੋਗਾਂ ਦੀ ਰੋਕਥਾਮ ਲਈ ਅਤਿ ਜ਼ਰੂਰੀ ਹੈ। ਘਿਓ, ਮੱਖਣ, ਮਲਾਈ, ਮਾਸ ਦੀ ਚਰਬੀ ਅਤੇ ਅੰਡਿਆਂ ਦੀ ਵਰਤੋਂ 'ਚ ਕਟੌਤੀ ਕਰਕੇ ਖ਼ੂਨ 'ਚ ਕੋਲੈਸਟਰੋਲ ਦੀ ਮਾਤਰਾ ਨੂੰ ਘਟਾਇਆ ਜਾ ਸਕਦਾ ਹੈ।

ਉਹ ਖੁਰਾਕ ਜਿਸ ਵਿਚ ਸਬਜ਼ੀਆਂ ਅਤੇ ਫਲ ਵਧੇਰੇ ਹੋਣ, ਪਰ ਮੀਟ ਅਤੇ ਮਿੱਠਾ ਘੱਟ ਹੋਵੇ, ਦੀ ਵਰਤੋਂ ਕਰਨ ਨਾਲ ਨਾ ਸਿਰਫ਼ ਬਲੱਡ ਪ੍ਰੈਸ਼ਰ ਘਟਾਉਣ ਵਿਚ ਮਦਦ ਮਿਲਦੀ ਹੈ, ਸਗੋਂ ਇਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੀ ਘਟਦਾ ਹੈ। ਸਿਹਤਮੰਦ ਖੁਰਾਕ ਦਿਲ ਅਤੇ ਖ਼ੂਨ ਦੀ ਸੰਚਾਰ ਪ੍ਰਣਾਲੀ 'ਤੇ ਇਕ ਤੋਂ ਵਧੇਰੇ ਪ੍ਰਭਾਵ ਪਾਉਂਦੀ ਹੈ ਖ਼ੁਰਾਕ ਵਿਚ ਸਿਰਫ਼ ਘੱਟ ਫੈਟ ਵਾਲੇ ਡੇਅਰੀ ਪਦਾਰਥ ਸ਼ਾਮਲ ਕੀਤੇ ਜਾ ਸਕਦੇ ਹਨ। ਦਿਲ ਦੇ ਮਰੀਜ਼ਾਂ ਨੂੰ ਖਾਣਾ ਖਾਣ ਤੋਂ ਬਾਅਦ ਘੱਟੋ-ਘੱਟ ਇਕ ਘੰਟਾ ਆਰਾਮ ਕਰਨਾ ਚਾਹੀਦਾ ਹੈ। ਮਰੀਜ਼ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ, ਕਿਉਂਕਿ ਦਿਲ ਦਾ ਦੌਰਾ ਪੈਣ ਦੀ ਘਟਨਾ, ਕਈ ਵਾਰ, ਉਦਾਸੀ ਤੇ ਤਣਾਅ ਦੀ ਸਥਿਤੀ ਵਿਚੋਂ ਜਨਮ ਲੈਂਦੀ ਹੈ।

# ਕਾਵਿ-ਕਿਆਰੀ

## ਵਿਕਾਸ/ਹਰਬਖ਼ਸ਼ ਸਿੰਘ ਟਾਹਲੀ



ਲੋਕ ਭੱਜਦੇ ਹਨ ਦਿਨੇ ਰਾਤੀਂ
ਮਨੁੱਖੀ ਵਿਕਾਸ ਹੋਇਆ ਹੈ
ਪਿਆਰ ਹਿਰਦੇ ਵਿਚੋਂ ਨਿਕਲ ਕੇ
ਜਾ ਵੜਿਆ ਹੈ ਬੰਬਾਂ ਦੀਆਂ ਫੈਕਟਰੀਆਂ ਵਿਚ
ਤੇ ਟੁੱਟਿਆ ਹੈ ਵਿਸ਼ਵਾਸ ਹਿਰਦੇ ਦਾ
ਪਰ ਕਹਿੰਦੇ ਹਨ ਦੁਨੀਆਂ
ਹੋ ਗਈ ਹੈ ਹੁਣ ਬਹੁਤ ਛੋਟੀ
ਪਰ ਮੰਜ਼ਿਲ ਤੇ ਹੋ ਗਈ ਹੈ ਬਹੁਤ ਦੂਰ
ਏਸੇ ਲਈ ਤਾਂ ਲੋਕ ਭੱਜਦੇ ਹਨ।
ਸਕੂਨ ਪਤਾ ਨਹੀਂ ਕਿਧਰ ਗਿਆ
ਖਰੇ ਕਦੋਂ ਪਹੁੰਚਣਗੇ ਉਸ ਮੰਜ਼ਲ 'ਤੇ
ਜਿਸ ਦਾ ਨਾਮ ਸ਼ਾਂਤੀ ਹੈ।
ਬੰਬਾਂ ਉਤੇ ਵਿਛਾ ਕੇ ਬਿਸਤਰੇ
ਭਲਾਂ ਹੁਣ ਆਏਗੀ ਨੀਂਦ ਕਿਵੇਂ
ਹੁਣ ਤਾਂ ਇਸ ਭੱਜ ਦੌੜ ਦਾ
ਹੋਵੇਗਾ ਐਕਸੀਡੈਂਟ
ਕਿਉਂਕਿ ਰਫ਼ਤਾਰ ਤੇ ਜਾਂਦੀ ਹੈ ਵਧਦੀ ਹੀ
ਤੇਜ਼ ਦੌੜਨ ਵਾਲੇ ਲੋਕ ਅਕਸਰ
ਹੋ ਜਾਂਦੇ ਹਨ ਘਟਨਾ ਗ੍ਰਸਤ
ਕਾਸ਼ ! ਮਨੁੱਖ ਆਪਣੀ ਰਫ਼ਤਾਰ ਨੂੰ
ਘੱਟ ਕਰਨ ਦੇ ਕਾਬਲ ਹੁੰਦਾ।
ਕਾਸ਼ ! ਮਨੁੱਖ ਦਾ ਹੁੰਦਾ ਨਾ
ਇਹੋ ਜਿਹਾ ਵਿਕਾਸ।

# ਬਾਬਾ ਮੱਖਣ ਸ਼ਾਹ ਭਵਨ ਨੂੰ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 01-06-2019 ਤੋਂ 15-06-2019

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਐਨ.ਐਸ. ਨੂਰ ਐਡਵੋਕੇਟ<br>ਮਕਾਨ ਨੰ-817, ਸਰਦਾਰ ਆਤਮਾ ਸਿੰਘ<br>ਅਰਬਨ ਐਸਟੇਟ, ਕਪੂਰਥਲਾ ਨੇ ਆਪਣੀ ਲੜਕੀ ਇੰਜ. ਕੰਵਲਪ੍ਰੀਤ ਕੌਰ ਦੇ<br>ਸ਼ੁਭ ਆਨੰਦ ਕਾਰਜ ਤੇ ਭਵਨ ਨੂੰ ਪ੍ਰੇਮ ਸਹਿਤ ਸੂਬੇਦਾਰ ਮੇਜਰ ਅਮਰਜੀਤ ਸਿੰਘ<br>ਮੋਹਾਲੀ ਜਨਰਲ ਸਕੱਤਰ ਬ.ਮ.ਸ਼.ਲ. ਫਾਊਂਡੇਸ਼ਨ ਰਾਹੀਂ ਦਾਨ ਦਿੱਤੇ। | 5100/- | ਆਈ-339 | 01-06-2019 |
| 2. | ਸ. ਜਗਮੋਹਨ ਸਿੰਘ<br>ਮਕਾਨ ਨੰ-390, ਸੈਕਟਰ-16, ਪੰਚਕੂਲਾ (ਹਰਿਆਣਾ) | 1000/- | ਆਈ-340 | 01-06-2019 |
| 3. | ਸ. ਅਵਤਾਰ ਸਿੰਘ<br>ਮਕਾਨ ਨੰ-1045, ਸੈਕਟਰ-39, ਚੰਡੀਗੜ੍ਹ। | 2100/- | ਆਈ-341 | 05-06-2019 |
| 4. | ਸੂਬੇ. ਮੇਜਰ ਅਮਰਜੀਤ ਸਿੰਘ<br>ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ-30ਏ, ਚੰਡੀਗੜ੍ਹ। ਐਚ.ਐਮ.-102, ਫੇਸ-3ਬੀ-1, ਮੋਹਾਲੀ। | 200/- | ਆਈ-342 | 15-06-2019 |
| 5. | ਪੰਡਿਤ ਸ਼੍ਰੀ ਰਾਮ ਕੁਮਾਰ,<br>ਠੇਕੇਦਾਰ ਕਨਟੀਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ<br>ਸੈਕਟਰ 30-ਏ, ਚੰਡੀਗੜ੍ਹ। | 500/- | ਆਈ-343 | 15-06-2019 |
| 6. | ਸ. ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ-42, ਸੈਕਟਰ-16ਏ, ਚੰਡੀਗੜ੍ਹ। | 500/- | ਆਈ-344 | 15-06-2019 |
| 7. | ਐਕਸ.ਈ.ਐਨ. ਹਰਨਾਮ ਸਿੰਘ<br>ਮਕਾਨ ਨੰ-698, ਫੇਸ-10, ਮੋਹਾਲੀ। | 500/- | ਆਈ-345 | 15-06-2019 |
| 8. | ਸ. ਸੁਖਦੇਵ ਸਿੰਘ<br>ਤੰਦਵਾਲੀ, ਜ਼ਿਲ੍ਹਾ-ਅੰਬਾਲਾ। | 200/- | ਆਈ-346 | 15-06-2019 |
| 9. | ਲੈਕ. ਸ.ਗੁਲਸ਼ਨ ਕੁਮਾਰ ਸਿੰਘ ਵਾਇਸ ਪ੍ਰਧਾਨ<br>ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ।<br>ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ। | 200/- | ਆਈ-347 | 15-06-2019 |
| 10. | ਸ. ਜਰਨੈਲ ਸਿੰਘ<br>ਪੰਚਕੂਲਾ। | 100/- | ਆਈ-348 | 15-06-2019 |

| | | | | |
|---|---|---|---|---|
| 11. | ਸ.ਮਨਜੀਤ ਸਿੰਘ<br>ਮਕਾਨ ਨੰ-2456,ਸੈਕਟਰ-71,ਮੋਹਾਲੀ। | 500/- | ਆਈ-349 | 15-06-2019 |
| 12. | ਸ.ਹਰਭਜਨ ਸਿੰਘ ਡੀ.ਆਈ.ਜੀ.(ਰਿਟਾ.)<br>204,ਫੈਲਕੋਨ ਵਿਊ,ਏਅਰਪੋਰਟ ਰੋਡ,ਸੈਕਟਰ-66-ਏ,ਚੰਡੀਗੜ੍ਹ। | 500/- | ਆਈ-350 | 15-06-2019 |
| 13. | ਸ.ਜਗੀਰ ਸਿੰਘ ਲਾਲੀਆ<br>ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ,ਚੰਡੀਗੜ੍ਹ।<br>ਮਕਾਨ ਨੰ-1838,ਸੈਕਟਰ-7,ਮੋਹਾਲੀ। | 500/- | ਆਈ-351 | 15-06-2019 |
| 14. | ਸ.ਹਰਦਿਆਲ ਸਿੰਘ ਘੋਤੜਾ<br>ਵਿੱਤ ਸਕੱਤਰ,ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ।<br>ਮਕਾਨ ਨੰ-11,ਸੰਗਮ ਇਨਕਲੇਵ,ਸੈਕਟਰ-48ਏ,ਚੰਡੀਗੜ੍ਹ। | 200/- | ਆਈ-352 | 15-06-2019 |
| 15. | ਸ.ਬਲਵਿੰਦਰ ਸਿੰਘ ਮੁਲਤਾਨੀ<br>ਸੀਨੀਅਰ ਵਾਇਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ।<br># 541,ਫੇਸ-3,ਮੋਹਾਲੀ। | 200/- | ਆਈ-353 | 15-06-2019 |
| 16. | ਸ.ਐਨ.ਪੀ.ਸਿੰਘ<br>ਮਕਾਨ ਨੰ-2249,ਸਟਾਰ ਇਨੰਕਲੇਵ,<br>ਸੈਕਟਰ-48-ਸੀ,ਚੰਡੀਗੜ੍ਹ। | 200/- | ਆਈ-354 | 15-06-2019 |
| 17. | ਸ.ਸੁਰਿੰਦਰ ਸਿੰਘ<br>ਚੰਡੀਗੜ੍ਹ। | 200/- | ਆਈ-355 | 15-06-2019 |
| 18. | ਸ.ਲਖਬੀਰ ਸਿੰਘ<br>ਆਈ.ਬੀ.ਆਈ.ਕਲੋਨੀ,ਸੈਕਟਰ-30,ਚੰਡੀਗੜ੍ਹ। | 100/- | ਆਈ-356 | 15-06-2019 |
| 19. | ਸ.ਚਰਨਜੀਤ ਸਿੰਘ ਲੁਬਾਣਾ<br>ਮਕਾਨ ਨੰ- ਐਚ.ਐਲ-600,ਫੇਸ-9,ਮੋਹਾਲੀ।<br>ਪ੍ਰਧਾਨ ਯੁਨਾਇਟਿਡ ਵੈਲਫੇਅਰ ਐਸੋਸੀਏਸ਼ਨ,<br>ਸੈਕਟਰ-63,ਫੇਸ-9,ਮੋਹਾਲੀ। | 200/- | ਆਈ-357 | 15-06-2019 |
| 20. | ਸ਼੍ਰੀ ਰੋਹੀ ਰਾਮ,<br>ਮਕਾਨ ਨੰ-5702,ਸੈਕਟਰ-38-ਵੇਸਟ,ਚੰਡੀਗੜ੍ਹ। | 100/- | ਆਈ-358 | 15-06-2019 |
| 21. | ਸ.ਰਾਜਪਾਲ ਸਿੰਘ<br>ਰਿਜ਼ਨਲ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਚੰਡੀਗੜ੍ਹ।<br>ਮਕਾਨ ਨੰ-43,ਮਨੀ ਮਾਜਰਾ। | 500/- | ਆਈ-359 | 15-06-2019 |
| 22. | ਸੂਬੇ.ਮੇਜਰ ਜਸਪਾਲ ਸਿੰਘ,<br>ਮਕਾਨ ਨੰ-18,ਏ.ਕੇ.ਐਸ.ਕਲੋਨੀ,ਜ਼ੀਰਕਪੁਰ,ਮੋਹਾਲੀ। | 100/- | ਆਈ-360 | 15-06-2019 |

| | | | | |
|---|---|---|---|---|
| 23. | ਸ. ਬਲਵਿੰਦਰ ਸਿੰਘ ਮੁਲਤਾਨੀ | 100/- | ਆਈ-361 | 15-06-2019 |
| | ਮਕਾਨ ਨੰ-314, ਸੈਕਟਰ-37-ਏ, ਚੰਡੀਗੜ੍ਹ। | | | |
| | (ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਕਪੂਰਥਲਾ ਮੈਂਬਰ ਬਣਨ ਤੇ ਧੰਨਵਾਦ ਸਹਿਤ ਭਵਨ ਨੂੰ ਦਾਨ ਦਿੱਤੇ।) | | | |
| 24. | ਸ. ਇੰਦਰਜੀਤ ਸਿੰਘ ਭਗਤਾਨਾ | 200/- | ਆਈ-362 | 15-06-2019 |
| | ਮਕਾਨ ਨੰ-1759, ਸੈਕਟਰ-43-ਬੀ, ਚੰਡੀਗੜ੍ਹ। | | | |
| 25. | ਸ. ਰਾਜਪਾਲ ਸਿੰਘ | 3600/- | ਆਈ-364 | 15-06-2019 |
| | 43, ਮਨੀਮਾਜਰਾ, ਚੰਡੀਗੜ੍ਹ। | | | |

## ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ 69 ਵੀਂ ਬਰਸੀ ਤੇ ਮਾਇਆ ਦੇਣ ਵਾਲੇ ਦਾਨੀ ਸੱਜਣਾਂ ਦੀ ਸੂਚੀ

**ਮਿਤੀ- 23-06-2019**

| | | | | |
|---|---|---|---|---|
| 1. | ਸ. ਸੁਖਵਿੰਦਰਪਾਲ ਸਿੰਘ ਮੁਲਤਾਨੀ | 10,000/- | ਆਈ-365 | 23-06-2019 |
| | ਸਪੁੱਤਰ ਸਵਰਗਵਾਸੀ ਸ. ਅਮਰੀਕ ਸਿੰਘ ਮੁਲਤਾਨੀ ਸਾਬਕਾ ਜਨਰਲ ਸਕੱਤਰ | | | |
| | ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ, ਮਕਾਨ ਨੰ-2102, ਫੇਸ-10, ਮੋਹਾਲੀ। | | | |
| 2. | ਸ. ਦੇਸਾ ਸਿੰਘ | 500/- | ਆਈ-366 | 23-06-2019 |
| | ਮਕਾਨ ਨੰ-2089, ਫੇਸ-10, ਮੋਹਾਲੀ। | | | |
| 3. | ਸ. ਜਗੀਰ ਸਿੰਘ ਲਾਲੀਆ | 2100/- | ਆਈ-367 | 23-06-2019 |
| | ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ। | | | |
| | ਮਕਾਨ ਨੰ-1838, ਸੈਕਟਰ-7, ਮੋਹਾਲੀ। | | | |
| 4. | ਲੈਕ. ਸ. ਗੁਲਸ਼ਨ ਕੁਮਾਰ ਸਿੰਘ ਵਾਇਸ ਪ੍ਰਧਾਨ | 1100/- | ਆਈ-368 | 23-06-2019 |
| | ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ। | | | |
| | ਮਕਾਨ ਨੰ-3405, ਸੈਕਟਰ-40-ਡੀ, ਚੰਡੀਗੜ੍ਹ। | | | |
| 5. | ਸੂਬੇ. ਮੇਜਰ ਅਮਰਜੀਤ ਸਿੰਘ | 500/- | ਆਈ-369 | 23-06-2019 |
| | ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ ਸੈਕਟਰ-30ਏ, ਚੰਡੀਗੜ੍ਹ। | | | |
| | ਐਚ.ਐਮ-102, ਫੇਸ-3ਬੀ-1, ਮੋਹਾਲੀ। | | | |
| 6. | ਸ਼੍ਰੀਮਤੀ ਪ੍ਰਿਤਪਾਲ ਕੌਰ | 500/- | ਆਈ-370 | 23-06-2019 |
| | (ਰਿਟਾ.) ਡਿ. ਸਕੱਤਰ ਪੀ.ਐਸ.ਈ.ਬੀ., ਮਕਾਨ ਨੰ-2648, ਫੇਸ-11, ਮੋਹਾਲੀ। | | | |
| 7. | ਸ. ਅਮਰਜੀਤ ਸਿੰਘ ਜੰਮੂ | 20/- | ਆਈ-371 | 23-06-2019 |
| 8. | ਸ. ਪਰਮਿੰਦਰਜੀਤ ਸਿੰਘ | 1000/- | ਆਈ-372 | 23-06-2019 |
| | ਆਡੀਟਰ ਲੁਬਾਣਾ ਸੇਵਕ, ਮਕਾਨ ਨੰ-524, ਗਰੀਨ ਮਾਡਲ ਟਾਊਨ ਜਲੰਧਰ। | | | |

| | | | | |
|---|---|---|---|---|
| 9. | ਸ.ਕੁਲਵੰਤ ਸਿੰਘ ਚੇਅਰਮੈਨ ਸਾਹਿਬ<br>ਪੇਹਵਾ, ਜ਼ਿਲ੍ਹਾ-ਕੁਰਕਸ਼ੇਤਰਾ, ਹਰਿਆਣਾ। | 500/- | ਆਈ-373 | 23-06-2019 |
| 10. | ਸ.ਸੁਰਜੀਤ ਸਿੰਘ<br>ਪਿੰਡ-ਸੰਜੋਲੀ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 51/- | ਆਈ-374 | 23-06-2019 |
| 11. | ਸ.ਭਗਤ ਸਿੰਘ ਆਈ.ਏ.ਐਸ.(ਰਿਟਾ.)<br>ਮਕਾਨ ਨੰ-795, ਫੇਸ-3ਬੀ1, ਮੋਹਾਲੀ। | 5000/- | ਆਈ-375 | 23-06-2019 |
| 12. | ਸ.ਭਜਨ ਸਿੰਘ<br>ਪਿੰਡ-ਬਲੇਡਾ, ਨੇੜੇ ਨਰਾਇਣਗੜ੍ਹ,<br>ਜ਼ਿਲ੍ਹਾ-ਕੁਰਸ਼ੇਤਰਾ, ਹਰਿਆਣਾ। | 200/- | ਆਈ-376 | 23-06-2019 |
| 13. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ-62, ਸੈਕਟਰ-71, ਮੋਹਾਲੀ। | 1100/- | ਆਈ-377 | 23-06-2019 |
| 14. | ਸ.ਗੁਰਪ੍ਰੀਤ ਸਿੰਘ<br>ਨਰਾਇਣਗੜ੍ਹ। | 100/- | ਆਈ-378 | 23-06-2019 |
| 15. | ਸ.ਤਰਲੋਕ ਸਿੰਘ<br>ਪਿੰਡ-ਬਾਹਮਣਮਾਜਰਾ। | 200/- | ਆਈ-379 | 23-06-2019 |
| 16. | ਸ.ਸਤਬੀਰ ਸਿੰਘ<br>ਪਿੰਡ-ਅਹਿਮਦਪੁਰ, ਤਹਿਸੀਲ-ਨਰਾਇਣਗੜ੍ਹ, ਅੰਬਾਲਾ। | 100/- | ਆਈ-380 | 23-06-2019 |
| 17. | ਸ.ਬਲਜੀਤ ਸਿੰਘ<br>ਪਿੰਡ-ਅਹਿਮਦਪੁਰ, ਤਹਿਸੀਲ-ਨਰਾਇਣਗੜ੍ਹ, ਅੰਬਾਲਾ। | 100/- | ਆਈ-381 | 23-06-2019 |
| 18. | ਸ.ਸੁਰਿੰਦਰ ਸਿੰਘ<br>ਪਿੰਡ-ਭੋਲੇਵਾਲ, ਤਹਿਸੀਲ-ਨਰਾਇਣਗੜ੍ਹ, ਅੰਬਾਲਾ। | 100/- | ਆਈ-382 | 23-06-2019 |
| 19. | ਸ.ਲਖਵਿੰਦਰ ਸਿੰਘ<br>ਪਿੰਡ-ਭੋਲੇਵਾਲ, ਤਹਿਸੀਲ-ਨਰਾਇਣਗੜ੍ਹ, ਅੰਬਾਲਾ। | 100/- | ਆਈ-383 | 23-06-2019 |
| 20. | ਸ.ਸੁਖਵਿੰਦਰ ਸਿੰਘ<br>ਪਿੰਡ-ਭੋਲੇਵਾਲ, ਤਹਿਸੀਲ-ਨਰਾਇਣਗੜ੍ਹ, ਅੰਬਾਲਾ। | 100/- | ਆਈ-384 | 23-06-2019 |
| 21. | ਸ.ਸੁਲੱਖਣ ਸਿੰਘ<br>ਪਿੰਡ-ਭੋਲੇਵਾਲ, ਤਹਿਸੀਲ-ਨਰਾਇਣਗੜ੍ਹ, ਅੰਬਾਲਾ। | 100/- | ਆਈ-385 | 23-06-2019 |
| 22. | ਸ.ਲਖਬੀਰ ਸਿੰਘ<br>ਆਈ.ਬੀ.ਆਈ. ਕਲੋਨੀ, ਸੈਕਟਰ-30ਏ, ਚੰਡੀਗੜ੍ਹ। | 100/- | ਆਈ-386 | 23-06-2019 |
| 23. | ਸ.ਅਮਰੀਕ ਸਿੰਘ<br>ਪਿੰਡ-ਨਰਾਇਣਗੜ੍ਹ। | 50/- | ਆਈ-387 | 23-06-2019 |

| | | | | |
|---|---|---|---|---|
| 24. | ਸ.ਸੁਰਿੰਦਰਪਾਲ ਸਿੰਘ<br>ਮਕਾਨ ਨੰ-3808, ਸੈਕਟਰ-32ਡੀ, ਚੰਡੀਗੜ੍ਹ। | 500/- | ਆਈ-388 | 23-06-2019 |
| 25. | ਸ.ਹਰਭਜਨ ਸਿੰਘ ਡੀ.ਆਈ.ਜੀ.(ਰਿਟਾ.)<br>-204, ਫੈਲਕੋਨ ਵਿਊ, ਏਅਰਪੋਰਟ ਰੋਡ, ਸੈਕਟਰ-66-ਏ, ਚੰਡੀਗੜ੍ਹ। | 500/- | ਆਈ-389 | 23-06-2019 |
| 26. | ਸੂਬੇਦਾਰ ਸਰਦਾਰ ਸਵਰਨ ਸਿੰਘ<br>ਪਿੰਡ-ਲੋਟਨ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 200/- | ਆਈ-390 | 23-06-2019 |
| 27. | ਸ.ਪ੍ਰਦੀਪ ਸਿੰਘ<br>ਪਿੰਡ-ਲੋਟਨ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 500/- | ਆਈ-391 | 23-06-2019 |
| 28. | ਸ਼੍ਰੀਮਤੀ ਰਾਜਿੰਦਰ ਕੌਰ<br>ਫੇਸ-11, ਮੋਹਾਲੀ। | 200/- | ਆਈ-392 | 23-06-2019 |
| 29. | ਸ.ਪੂਰਨ ਸਿੰਘ<br>ਪਿੰਡ-ਹਮੀਰਪੁਰ, ਜ਼ਿਲ੍ਹਾ-ਅੰਬਾਲਾ, ਹਰਿਆਣਾ। | 100/- | ਆਈ-393 | 23-06-2019 |
| 30. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ-2368, ਫੇਸ-11, ਮੋਹਾਲੀ। | 500/- | ਆਈ-394 | 23-06-2019 |
| 31. | ਸ.ਜਗਦੀਪ ਸਿੰਘ ਅਤੇ ਮਨਜੀਤ ਸਿੰਘ<br>ਪਿੰਡ ਅਤੇ ਡਾਕਖਾਨਾ-ਨਰਾਇਣਗੜ੍ਹ, ਜ਼ਿਲ੍ਹਾ-ਅੰਬਾਲਾ। | 100/- | ਆਈ-395 | 23-06-2019 |
| 32. | ਸ.ਰਣਜੀਤ ਸਿੰਘ<br>ਪਿੰਡ ਅਤੇ ਡਾਕਖਾਨਾ-ਸੈਨਮਾਜਰਾ। | 100/- | ਆਈ-396 | 23-06-2019 |
| 33. | ਸ.ਅਵਤਾਰ ਸਿੰਘ<br>ਪਿੰਡ ਅਤੇ ਡਾਕਖਾਨਾ-ਲੋਟਨ, ਅੰਬਾਲਾ। | 100/- | ਆਈ-397 | 23-06-2019 |
| 34. | ਸ.ਅਮਰੀਕ ਸਿੰਘ<br>ਪਿੰਡ-ਸੈਨਮਾਜਰਾ, ਡਾਕਖਾਨਾ-ਨਰਾਇਣਗੜ੍ਹ।<br>ਸਪਿੰਡ-ਸੈਨਮਾਜਰਾ, ਡਾਕਖਾਨਾ-ਨਰਾਇਣਗੜ੍ਹ। | 210/- | ਆਈ-398 | 23-06-2019 |
| 35. | ਸ.ਸੁਖਵਿੰਦਰ ਸਿੰਘ<br>ਪਿੰਡ-ਸੈਨਮਾਜਰਾ, ਡਾਕਖਾਨਾ-ਨਰਾਇਣਗੜ੍ਹ। | 100/- | ਆਈ-399 | 23-06-2019 |
| 36. | ਸ਼੍ਰੀ ਅਨਿਲ ਕੁਮਾਰ<br>ਪਿੰਡ-ਅਕਬਰਪੁਰ। | 100/- | ਆਈ-400 | 23-06-2019 |
| 37. | ਸ.ਚਰਨਜੀਤ ਸਿੰਘ<br>ਪਿੰਡ-ਅਕਬਰਪੁਰ। | 100/- | ਆਈ-401 | 23-06-2019 |
| 38. | ਸ.ਦਲੇਰ ਸਿੰਘ<br>ਪਿੰਡ-ਅਕਬਰਪੁਰ। | 50/- | ਆਈ-402 | 23-06-2019 |

| | | | | |
|---|---|---|---|---|
| 39. | ਲੈਫਟੀਨੈਂਟ ਕਰਨਲ ਜੇ.ਐਸ.ਮੁਲਤਾਨੀ<br>ਮਕਾਨ ਨੰ–114, ਸੈਕਟਰ–33–ਏ, ਚੰਡੀਗੜ੍ਹ। | 200/– | ਆਈ–403 | 23-06-2019 |
| 40. | ਸ.ਜਗਮੋਹਨ ਸਿੰਘ<br>ਮਕਾਨ ਨੰ–390, ਸੈਕਟਰ–16, ਪੰਚਕੂਲਾ। | 1100/– | ਆਈ–404 | 23-06-2019 |
| 41. | ਕੈਪਟਨ ਕਾਬਲ ਸਿੰਘ<br>ਮਕਾਨ ਨੰ–181, ਵਿਵੇਕਾਨੰਦ ਪਾਰਕ,<br>ਮਕਸੂਦਾਂ, ਜਲੰਧਰ। | 2100/– | ਆਈ–405 | 23-06-2019 |
| 42. | ਸ.ਨਰਪਿੰਦਰ ਸਿੰਘ<br>ਮਕਾਨ ਨੰ–957, ਫੇਸ–10, ਮੋਹਾਲੀ। | 100/– | ਆਈ–406 | 23-06-2019 |
| 43. | ਸ.ਹਰਬੰਸ ਸਿੰਘ ਐਸ.ਈ.(ਰਿਟਾ.)<br>ਸਾਬਕਾ ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ<br>ਸੈਕਟਰ–30ਏ, ਚੰਡੀਗੜ੍ਹ।<br>ਮਕਾਨ ਨੰ–2060, ਫੇਸ–10, ਮੋਹਾਲੀ। | 500/– | ਆਈ–407 | 23-06-2019 |
| 44. | ਸ.ਅਮਰਜੀਤ ਸਿੰਘ ਮੁਲਤਾਨੀ<br>ਮਕਾਨ ਨੰ–42, ਸੈਕਟਰ–16, ਚੰਡੀਗੜ੍ਹ। | 200/– | ਆਈ–408 | 23-06-2019 |
| 45. | ਸ਼੍ਰੀਮਤੀ ਕੁਲਵੰਤ ਕੌਰ<br>ਮਕਾਨ ਨੰ–824, ਫੇਸ–10, ਮੋਹਾਲੀ। | 100/– | ਆਈ–409 | 23-06-2019 |
| 46. | ਸ.ਨਰਪਿੰਦਰ ਸਿੰਘ<br>ਮਕਾਨ ਨੰ–957, ਫੇਸ–10, ਮੋਹਾਲੀ। | 500/– | ਆਈ–410 | 23-06-2019 |
| 47. | ਸ.ਗਿਆਨ ਸਿੰਘ ਮੁਲਤਾਨੀ<br>ਮਕਾਨ ਨੰ–42, ਸੈਕਟਰ–16ਏ, ਚੰਡੀਗੜ੍ਹ। | 1100/– | ਆਈ–411 | 23-06-2019 |
| 48. | ਗੁਰੂ ਲਾਧੋ ਰੇ ਭਵਨ ਨਰਾਇਣਗੜ੍ਹ, ਅੰਬਾਲਾ | 1100/– | ਆਈ–412 | 23-06-2019 |
| 49. | ਸ.ਜਗੀਰ ਸਿੰਘ<br>ਮਕਾਨ ਨੰ–2258/2, ਸੈਕਟਰ–45ਸੀ, ਚੰਡੀਗੜ੍ਹ। | 200/– | ਆਈ–413 | 23-06-2019 |
| 50. | ਸ.ਨਵਪ੍ਰੀਤ ਸਿੰਘ<br>ਮਕਾਨ ਨੰ–2249, ਸਟਾਰ ਇਨੰਕਲੇਵ, ਸੈਕਟਰ–48–ਸੀ, ਚੰਡੀਗੜ੍ਹ। | 500/– | ਆਈ–414 | 23-06-2019 |
| 51. | ਸ.ਐਨ.ਪੀ.ਸਿੰਘ<br>ਮਕਾਨ ਨੰ–2249, ਸਟਾਰ ਇਨੰਕਲੇਵ,<br>ਸੈਕਟਰ–48–ਸੀ, ਚੰਡੀਗੜ੍ਹ। | 200/– | ਆਈ–415 | 23-06-2019 |
| 52. | ਸ.ਗੁਰਮੁੱਖ ਸਿੰਘ<br>ਪਿੰਡ–ਸੰਗਰੈਣੀ, ਡਾਕਖਾਨਾ–ਨਾਰਾਇਣਗੜ੍ਹ, ਜ਼ਿਲ੍ਹਾ–ਅੰਬਾਲਾ। | 100/– | ਆਈ–416 | 23-06-2019 |

# Let us Know

ਸੰਪਾਦਕ (99153-57524)

**The Vedic Literature**

* The word Veda comes from the word Vid means to know or knowledge.

* Vedic texts are divided between Sruti (based on bearing) and Smriti (based on memory).

* Veda are divided into Samhitas.

**Rig Veda**

* One of the oldest religious text in the world.

* Collection of hymns, composed around 1700 BC, contains 1028 hymns and is divided into 10 mandalas.

* 11 to VII are the earliest mandalas, each of which is ascribed at a particular family of Rishi Gritsamad, Visvamitra Vamadeva, Atri, Bhardwaja, Vashistha. VIII mandala is ascribed to Kanvas and Angiras. IS mandala is the compilation of Soma hymns.

* The Xth mandala contains the famous Purushasukta hymn which explains that the four varnas were born from the mouth, arms, thighs and feet of the creator Brahma.

* The IIIrd mandala contains the Gayatri Mantra. Which was compiled in the praise of Sun God Savitri.

* Saraswati is the deity river in the Rig Veda.

**Sama Veda**

* Sama Veda derives its roots from 'Saman', which means melodies. It is a collection of melodies. The hymn of the Sama Veda wre recited by Udgatri at the Soma sacrifice.

* It contains Dhrupad Raga.

**Yajur Veda**

* Deals with the procedures for the performance of sacrifices. The beliefs and rituals of non-Aryans are written in it.

* Two text of Yajur Veda

* Krishna (Black) Yajur Veda

**Atharva Veda**

* It is a book of magical formulae. It contains charms and spells toward off evil and disease.

**The Upanishadas**

* The term Upanishadas is the knowledge acquired by sitting close to the teacher (Guru).

* Also called Vedartta, because they denote the last phase of Vedic period.

* They are spiritual and philosophical in nature and they reveal the aim of Vedas. They define the doctrine of Karma, Atman (soul), Brahma (God), origin of universe.

* There are 108 panishadas and the period of 800 BC to 500 BC is known as period of Upanishadas. 11 are predominant and they are called mokhya Upanishadas.

**Brahmanas**

* These are the prose commentaries on various vedic hymns. They explain the Vedas in an orthodox way. They explain the hidden meaning behind the hymns. They are ritualistic by nature.

* The most important is the 'Shatapatha Brahmana' attached to the Yajur Veda. It recommends one hundred sacred paths.

**The Aranyakas**

* The sages dwelling in the forests explained the Vedic scriptures to their pupils in the form of Aranyakas. These have magical power and they form the concluding part of Brahmanas. It provides details of the rishis, living in jungle.

**Vedangas**

* They are the limbs of the Vedas. These are treaties of Science and Arts.

* Shiksha (deals with pronounciation) (Phonetics).

* Kalpa (deals with rituals)

* Ntrukta (Etymology)

* Chhanda (Metrics)

* Jyotisha (Astronomy)

* Panini wrote Ashtadhyayi (4th century BC) on Vyakarana.

**Upavedas**

There are four Upavedas -

* **Dhanurveda** (Upaveda of Yajur Veda) : Deals with art of warfara.

* **Gandharvaveda** (Upaveda of Sama Veda) :

Deals with art and music.

* **Shastrashastra :** Deals with military technology (associated with Atharva Veda)

* **Ayur Veda** (Upaveda of Rig Veda) : Deals with Medicine.

### Philosophy

Six systems of Hindu philosophies, given by six philosophers of ancient India.

* Nyaya (analysis) - Gautama
* Sankhya - Kapila
* Purva Mimansa - Jaimini
* Vaisesika - Kannada
* Yoga (application) - Patanjali
* Uttar Mimansa - Vyasa

### Puranas

* These include mythology, cosmogony, various legends, folk beliefs, law codes and miscellaneous topics.

* It refers to the change in the mode of worship (from sacrifice to idol worship), and visual appeal of deities as against worship of ideas.

### Sutras

Sutra literature is divided into three classes

* **Srauta Sutra** (dealing with large public sacrifices).

* **Griha Sutra** (dealing with rituals connected with birth, naming, marriage).

* **Dharma Sutra** (explain social and local customs).

### Epic

* Mahabharata, written by Ved Vyas, is older than the 'Ramayana'. Originally, the Mahabharata consisted to 880 verses then it was raised to 24000 verses. The final compilation brought the number of verses to 100000.

* Ramayana written by Valmiki originally consisted of 6000 verses, which was raised to 12000 and finally 24000 verses.

### Smritis

* Dharma Shastra is the other name for the Smritis, which are the law books written in sloka form.

* The important Smritis are Manav Dharma Shastra, Vishnu Dharma Shastra. Yajnavalkya Smriti and Narada Smriti.

* Manav Dharma Shastra or Manusmriti is the oldest and most famous. Manu supposed to be the first king and law maker.

* Later on, some minor Smritis and commentaries like the Mitakshara were complied.

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸ਼ਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਉਪ ਸੰਪਾਦਕ**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ (ਰਜਿ.) ਚੰਡੀਗੜ੍ਹ**

# Divine Souls Never Depart, They Merge With The Formless



(1st Jan 1939 - 14th June 2019)

**With Performed Grief And Sorrow We Regret To Inform The Sad Demise Of Our Active Member Of The Foundaiton S. Sarjit Singh Advocate.**

S. Sarjit Singh was born on 01-01-1939 at Chak #641, now in Pakistan. He migrated to village Narayana, District Karnal after the partition. He completed his Bachelors in Science in the year 1962. He was through out brilliant student and study on scholarship. With his hard work and sincere efforts, he joined Law College at Delhi University. After completing his law degree, he joined the Prosecution Department in United Punjab. Later he took early retirement as Deputy District Attorney and finally settled at Kaithal, Haryana. He did what he loved the most, practiced law till the last day. He was one of the most respected lawyers in the Kaithal Bar Association and was a well known criminal lawyer in Haryana. He was one of the founder member for LobanaFooundaiton, Chandigarh.

He also served as member of Haryana Gurudwara Prabhandak Committee and served as President of Gurudwara Prabandhak committee, Kaithal up to his last breath, for 12 years. During his tenure, he represented the Sikh community at different political and social front grounds. He set a milestone for his future generations to come. S. Sarjit Singh was successful in all walks through his life and went heavenly abode as a satisfied contented man on June 14, 2019. Bhog ceremony was held on June 22, 2019 at Gurudwara Neem Sahib Kaithal. He survived with his wife, Mrs. Shakuntala Rani and 3 kids. The eldest, S. Maninder Singh followed his footsteps and is now a renowned criminal lawyer at Session Courts Kaithal. Daughter Mrs. Puneet Chaudhary is married to Dr. Lakhwinder Chaudhary, a well renowned orthopedic surgeon in Jalandhar, Punjab. The Youngest son Dr. Deepinder Singh is well settled at Detroit, Michign, USA. The family requests to keep him in your prayer.

S. Sarjit Singh ji was associated with Baba Makhan Shah Lobana Foundation Sec-30A, Chandigarh from the very beginning. He was an active member and Office Bearer of the foundation.


Baba Makhan Shah Lobana Foundation Can't forget the services of S. Sarjit Singh Advocate. Leaders of the various political parties, religious organizations, SGPC members, President and Office Bearers of local Gurudwara Parbandhak Committees, Chaudhary Balbir Singh (Ex. Minister), S. Jagir Singh Lalia President Baba Makhan Shah Lobana Foundation, S. Bhagat Singh IAS (Retd.) (Ex. President), S. Gurcharan Singh (Ex. President), S. Balwinder Singh Multani Vice President, S. Gulshan Kumar Singh Vice President participated in the Antim Ardass on 22-06-2019.

All the Office Bearer and member of Baba Makhan Shah Lobana Foundation Sector-30A, Chandigarh pray to god for his soul to rest in peace.

**S. Jagir Singh Lalia**
**President Baba Makhan Shah Lobana Foundation**
**Chandigarh.**



# MATRIMONIAL



Suitable match for Manglik Sharma girl born on May 7, 1990, Height – 5’4”, Gotar :- Gautam/Kaushal, BEd, Med, MA English,UGC Net cleared CTET Cleared and HTET, PTET cleared , PhD pursuing. Serving an Assistant Professor in Mohali. Contact after matching kundali. Mob No.-99885-88123

* * * * *

Suitable qualified match for Lubana Sikh Turbaned boy, Height 6ft., Aug 1990, Bachelors in Cyber Security & Forensics. Working as Cyber Forensics Consultant in Gurgaon. Annual package Rs.18 Lacs. Seeking educated girl either settled in India or abroad. Contact 9872157495, 6284767292

* * * * *

Suitable match for Lubana Sikh Turband boy Feb 1989 born height 5'9” B Tech CSE, Project Manager with Apple at California USA drawing USD one lac per annum. Belongs to well educated family. Contact No 8146549765, 9417122809.

* * * * *

Suitable match for a Widow Lobana girl height-5'6”, D.o.b-11-08-1986, Education +2(Arts),ITI (Fashion Designing), residence of Mohali, Father-Ram Niranjan, Mother-Kanta Rani. Contact no-97800-93687, 98785-05838 .

* * * * *

Suitable match for Lobana Sikh Beautiful girl height-5'3”, D.o.b-26-05-1986, Education-Ph.D Food Technology. Job-Asst. Professor drawing, Salary- 30,000/- Pm, Only brother Army Major, Father retired Supt. Engineer Thermal Plant, Mother M.A . Homely.

Contact no-93550-84781, 94638-03824.

* * * * **

Suitable match for beautiful girl D.o.b-17-10-1992, Height-5'7”, Edu. B.A., Job-Private at Chandigarh. Father Nirmal Singh Cont. no.-98149-05739, 70098-53286

* * * * *

Suitable match for qualified lobana Sikh girl Dob-1989, Height-5'4”, Qualification- Bachelor of Commerce, MBA Banking and Finance, Working in ICICI Bank Chandigarh as Assistant Manager. Cont no-97801-25139, 89683-63897.

* * * * *

Suitable match for Lobana girl age/Height:28/ 5' 3", Date of Birth: 17-Jan-1991, Skin Tone: Wheatish, Body Type: Average, Education: Masters - Management College(s) Attended: Indian

Institute of Technology Delhi - MBA in Operations and IT, DeenbandhuChhotu Ram University of Science & Technology - B.tech in CSE , Working As: Program Manager with Amazon, Father: Businessman, Transportation, Mother: Home maker, Siblings: 1 younger brother, studying. Cont. no-97294-71270

* * * * *

Slim Beautiful minimum height-5'4”, professionally qualified match required for Handsome, clean shaven, Sikh Lubana boy, DOB-27/07/1989, Height-5'8”, B.Tech, ECE from GNDU, Working in Switzerland as Project Manager (Software Engineer) in MNC. Having Rural and Urban property. Well settled family in Mohali. Father retired as Air Force Officer, Mother MA, B.Ed, Daughter is Gazetted Officer in Punjab Government and married to an Army Officer (Lt. Colonel). Cont no-98764-34476

* * * * *

Looking for a Suitable lobana match for tall, slim & beautiful girl, height 5'6/2”, DOB-06-07-1992, Education-Msc in biotech, Working in private company at Chandigarh. Father expired, only brother Manager in Indian Oil. Own house in Chandigarh/Mohali, Indian Navy, Defence, Airforce or working preferable public sector undertaking above 12 Lac package preferred. Cont-98774-25413

* * * * *

Suitable match for handsome boy S. Harmeet Singh, Lobana Sandlas, S/o-Late. Sohinder Singh, D.O.B-15-April-1992, Height-5’11”, settled in New Zealand. Owner, B.Tech. Computer Engg. (Two Sisters married Abroad) required girl only Medical Line B.D.S., B.Sc Nursing, Contact Mother Manjit Kaur, Aman City, Sec-126. Cont. 82646-45504.

* * * * *

Suitable match for beautiful girl Height-5'4”, DOB-1992, Qualification-B.Tech, Residence-Mohali, Cont-98765-79614

* * * * *

# ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

## 23-06-2019 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਮਨਾਈ ਗਈ 69 ਵੀਂ ਬਰਸੀ ਦੀਆਂ ਵੱਖ-ਵੱਖ ਝਲਕੀਆਂ




















Regd No. 32212/78 Postal No.-- G/CHD/0111/2018-2020

# 23-06-2019 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਮਨਾਈ ਗਈ 69 ਵੀਂ ਬਰਸੀ ਦੀਆਂ ਵੱਖ-ਵੱਖ ਝਲਕੀਆਂ















